Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 152 | Wednesday, August 03, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਹਾਕੀ ਕੈਨੇਡਾ ਖਿਲਾਫ ਕੇਸ ਕਰਨ ਵਾਲੀ ਮਹਿਲਾ ਨੇ ਪਾਸ ਕੀਤਾ ਲਾਈ-ਡਿਟੈਕਟਰ ਟੈਸਟ



ਓਟਵਾ, 2 ਅਗਸਤ (ਪੋਸਟ ਬਿਊਰੋ) : ਕਥਿਤ ਤੌਰ ਉੱਤੇ ਹਾਕੀ ਕੈਨੇਡਾ ਦੇ ਖਿਡਾਰੀਆਂ ਉੱਤੇ ਸਾਮੂਹਿਕ ਜਿਨਸੀ ਹਮਲਾ ਕਰਨ ਦਾ ਦੋਸ਼ ਲਾਉਣ ਵਾਲੀ ਮਹਿਲਾ ਨੇ ਪੌਲੀਗ੍ਰੈਫ ਟੈਸਟ ਪਾਸ ਕਰ ਲਿਆ ਹੈ। ਇਹ ਜਾਣਕਾਰੀ ਉਸ ਦੇ ਵਕੀਲ ਨੇ ਮੰਗਲਵਾਰ ਨੂੰ ਦਿੱਤੀ।

ਮੰਗਲਵਾਰ ਨੂੰ ਪਰਸਨਲ ਇੰਜਰੀ ਲਾਇਰ ਰੌਬਰਟ ਤਲਚ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਆਖਿਆ ਗਿਆ ਕਿ ਮਹਿਲਾ ਨੇ ਇਹ ਲਾਈ ਡਿਟੈਕਟਰ ਟੈਸਟ ਸਫਲਤਾ ਨਾਲ ਪਾਸ ਕਰ ਲਿਆ। ਪੌਲੀਗ੍ਰੈਫ ਟੈਸਟ ਦੇ ਨਤੀਜੇ ਲੰਡਨ ਪੁਲਿਸ, ਹਾਕੀ ਕੈਨੇਡਾ ਰਵਿਊ ਤੇ ਐਨਐਚਐਲ ਜਾਂਚਕਾਰਾਂ ਨੂੰ ਮੁਹੱਈਆ ਕਰਵਾਏ ਗਏ ਹਨ। ਜ਼ਿਕਰਯੋਗ ਹੈ ਕਿ ਮਹਿਲਾ ਨੇ ਦੋਸ਼ ਲਾਇਆ ਸੀ ਕਿ ਹਾਕੀ ਕੈਨੇਡਾ ਦੇ ਅੱਠ ਖਿਡਾਰੀਆਂ, ਜਿਨ੍ਹਾਂ ਵਿੱਚ ਕੈਨੇਡਾ 2018 ਦੀ ਵਰਲਡ ਜੂਨੀਅਰ ਟੀਮ ਦੇ ਮੈਂਬਰ ਵੀ ਸ਼ਾਮਲ ਸਨ, ਨੇ ਚਾਰ ਸਾਲ ਪਹਿਲਾਂ ਲੰਡਨ, ਓਨਟਾਰੀਓ ਵਿੱਚ ਹਾਕੀ ਕੈਨੇਡਾ ਦੇ ਇੱਕ ਗਾਲਾ ਈਵੈਂਟ ਤੋਂ ਬਾਅਦ ਉਸ ਉੱਤੇ ਜਿਨਸੀ ਹਮਲਾ ਕੀਤਾ ਸੀ।

ਇਸ ਮਹਿਲਾ ਵੱਲੋਂ ਸਟੇਟਮੈਂਟ ਆਫ ਕਲੇਮ 20 ਅਪਰੈਲ, 2022 ਨੂੰ ਦਰਜ ਕਰਵਾਈ ਗਈ ਸੀ ਤੇ ਹਾਕੀ ਕੈਨੇਡਾ ਵੱਲੋਂ 24 ਮਈ ਨੂੰ ਮਸਲਾ ਸੈਟਲ ਕਰ ਲਿਆ ਗਿਆ। ਸ਼ਿਕਾਇਤਕਰਤਾ ਨੇ ਹਾਕੀ ਕੈਨੇਡਾ, ਕੈਨੇਡੀਅਨ ਹਾਕੀ ਲੀਗ ਦੇ ਕੁੱਝ ਖਿਡਾਰੀਆਂ, ਜਿਨ੍ਹਾਂ ਦੇ ਨਾਂਵਾਂ ਦਾ ਖੁਲਾਸਾ ਨਹੀਂ ਕੀਤਾ ਗਿਆ, ਤੋਂ 3•5 ਮਿਲੀਅਨ ਡਾਲਰ ਦੇ ਹਰਜਾਨੇ ਦੀ ਮੰਗ ਕੀਤੀ ਸੀ। ਇਸ ਸੈਟਲਮੈਂਟ ਦਾ ਵੇਰਵਾ ਜਨਤਕ ਨਹੀਂ ਕੀਤਾ ਗਿਆ ਤੇ ਨਾ ਹੀ ਮਹਿਲਾ ਵੱਲੋਂ ਲਾਏ ਗਏ ਦੋਸ਼ ਅਦਾਲਤ ਵਿੱਚ ਸਿੱਧ ਹੋਏ ਹਨ।

## ਸਟਾਫ ਦੀ ਘਾਟ ਕਾਰਨ ਟੋਰਾਂਟੋ ਦੇ ਜਨਰਲ ਹਸਪਤਾਲ ਵਿੱਚ ਕ੍ਰਿਟੀਕਲ ਕੇਅਰ ਬੈੱਡ ਐਲਰਟ ਜਾਰੀ




ਟੋਰਾਂਟੋ, 2 ਅਗਸਤ (ਪੋਸਟ ਬਿਊਰੋ) : ਟੋਰਾਂਟੋ ਦਾ ਜਨਰਲ ਹਸਪਤਾਲ, ਅਜਿਹਾ ਹੈਲਥਕੇਅਰ ਸਿਸਟਮ ਹੈ ਜਿਸ ਨੂੰ ਸਟਾਫ ਦੀ ਘਾਟ ਦੇ ਦਬਾਅ ਨੂੰ ਝੱਲਣਾ ਪੈ ਰਿਹਾ ਹੈ। ਹਸਪਤਾਲ ਵੱਲੋਂ ਆਪਣੇ ਤਿੰਨ ਇੰਟੈਂਸਿਵ ਕੇਅਰ ਯੂਨਿਟਸ ਵਿੱਚ ਕ੍ਰਿਟੀਕਲ ਕੇਅਰ ਬੈੱਡ ਐਲਰਟ ਜਾਰੀ ਕੀਤਾ ਗਿਆ ਹੈ।

ਯੂਨੀਵਰਸਿਟੀ ਹੈਲਥ ਨੈੱਟਵਰਕ (ਯੂਐਚਐਨ), ਜਿਸ ਵਿੱਚ ਟੋਰਾਂਟੋ ਜਨਰਲ ਹਸਪਤਾਲ ਵੀ ਸ਼ਾਮਲ ਹੈ, ਦੇ ਬੁਲਾਰੇ ਨੇ ਦੱਸਿਆ ਕਿ ਇੰਟੈਂਸਿਵ ਕੇਅਰ ਯੂਨਿਟਸ, ਜਿਨ੍ਹਾਂ ਵਿੱਚ ਕਾਰਡੀਓਵੈਸਕੂਲਰ ਇੰਟੈਂਸਿਵ ਯੂਨਿਟ (ਸੀਆਈਸੀਯੂ), ਕਰੋਨਰੀ ਇੰਟੈਂਸਿਵ ਕੇਅਰ ਯੂਨਿਟ (ਸੀਆਈਸੀਯੂ) ਤੇ ਮੈਡੀਕਲ ਸਰਜੀਕਲ ਇੰਟੈਂਸਿਵ ਕੇਅਰ ਯੂਨਿਟ (ਐਮਐਸਆਈਸੀਯੂ) ਸ਼ਾਮਲ ਹਨ, ਵਿੱਚ ਸਾਰੇ ਬੈੱਡ ਭਰ ਚੁੱਕੇ ਹਨ ਤੇ ਸੀਮਤ ਹਿਊਮਨ ਰਿਸੋਰਸਿਜ਼ ਕਾਰਨ ਹੋਰ ਮਰੀਜ਼ਾਂ ਨੂੰ ਭਰਤੀ ਕਰਨਾ ਸੇਫ ਨਹੀਂ ਹੈ।

ਯੂਐਚਐਨ ਦੇ ਗਿਲੀਅਨ ਹੌਵਰਡ ਨੇ ਇੱਕ ਈਮੇਲ ਵਿੱਚ ਆਖਿਆ ਕਿ ਮਹਾਂਮਾਰੀ ਦੇ ਚੱਲਦਿਆਂ ਸਾਨੂੰ ਸਟਾਫ ਦੀ ਘਾਟ ਦੇ ਮਾਮਲੇ ਨਾਲ ਨਜਿੱਠਣਾ ਪੈ ਰਿਹਾ ਹੈ। ਓਨਟਾਰੀਓ ਨਰਸਿਜ ਐਸੋਸਿਏਸ਼ਨ (ਓਐਨਏ) ਅਨੁਸਾਰ ਸਟਾਫ ਦੀ ਘਾਟ ਕਾਰਨ ਓਨਟਾਰੀਓ ਦੇ 25 ਹਸਪਤਾਲਾਂ ਨੂੰ ਆਪਣੀਆਂ ਫੈਸਿਲਿਟੀਜ਼ ਦੇ ਕਈ ਸੈਕਸ਼ਨ ਬੰਦ ਕਰਨੇ ਪੈ ਰਹੇ ਹਨ। ਓਨਟਾਰੀਓ ਵਿੱਚ 70,000 ਹਸਪਤਾਲ ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀਆਂ ਵੱਖ ਵੱਖ ਯੂਨੀਅਨਾਂ ਵੱਲੋਂ ਲਗਾਤਾਰ ਫੋਰਡ ਸਰਕਾਰ ਤੋਂ ਇਸ ਮਸਲੇ ਨੂੰ ਹੱਲ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ। ਇਹ ਮੰਗ ਵੀ ਕੀਤੀ ਜਾ ਰਹੀ ਹੈ ਕਿ ਵਰਕਰਜ਼ ਦੇ ਭੱਤਿਆਂ ਵਿੱਚ ਵਾਧਾ ਕੀਤਾ ਜਾਵੇ ਤੇ ਹੋਰ ਸਟਾਫ ਜਲਦ ਤੋਂ ਜਲਦ ਭਰਤੀ ਕੀਤਾ ਜਾਵੇ।

ਇਸ ਦੌਰਾਨ ਓਨਟਾਰੀਓ ਦੇ ਸਿਹਤ ਮੰਤਰੀ ਨੇ ਆਖਿਆ ਕਿ ਪ੍ਰੋਵਿੰਸ ਵੱਲੋਂ ਜਲਦ ਤੋਂ ਜਲਦ ਇੰਟਰਨੈਸ਼ਨਲ ਪੱਧਰ ਉੱਤੇ ਸਿਖਲਾਈ ਪ੍ਰਾਪਤ ਨਰਸਾਂ ਨੂੰ ਭਰਤੀ ਕਰਨ ਦੀ ਕਵਾਇਦ ਕੀਤੀ ਜਾ ਰਹੀ ਹੈ ਤਾਂ ਕਿ ਸਟਾਫ ਦੀ ਘਾਟ ਦੇ ਮਸਲੇ ਨੂੰ ਹੱਲ ਕੀਤਾ ਜਾ ਸਕੇ।

## ਐਚਆਈਵੀ ਟੈਸਟਿੰਗ ਲਈ 18 ਮਿਲੀਅਨ ਡਾਲਰ ਖਰਚੇਗੀ ਫੈਡਰਲ ਸਰਕਾਰ




ਮਾਂਟਰੀਅਲ, 2 ਅਗਸਤ (ਪੋਸਟ ਬਿਊਰੋ) : ਫੈਡਰਲ ਸਿਹਤ ਮੰਤਰੀ ਜੀਨ-ਯਵੇਸ ਡਕਲਸ ਨੇ ਸੋਮਵਾਰ ਨੂੰ ਆਖਿਆ ਕਿ ਦੂਰ ਦਰਾਜ ਦੀਆਂ ਕਮਿਊਨਿਟੀਜ਼ ਤੇ ਜਿੱਥੇ ਪਹੁੰਚਣਾ ਮੁਸ਼ਕਲ ਹੈ ਅਜਿਹੀਆਂ ਥਾਂਵਾਂ ਉੱਤੇ ਰਹਿਣ ਵਾਲਿਆਂ ਲਈ ਐਚਆਈਵੀ ਟੈਸਟਿੰਗ ਵਾਸਤੇ ਸਰਕਾਰ 17.9 ਮਿਲੀਅਨ ਡਾਲਰ ਨਿਵੇਸ਼ ਕਰੇਗੀ।

ਇਹ ਐਲਾਨ ਮਾਂਟਰੀਅਲ ਵਿੱਚ ਕਰਵਾਈ ਗਈ 24ਵੀਂ ਇੰਟਰਨੈਸ਼ਨਲ ਏਡਜ਼ ਕਾਨਫਰੰਸ, ਏਡਜ਼ 2022 ਵਿੱਚ ਕੀਤਾ ਗਿਆ। ਡਕਲਸ ਨੇ ਆਖਿਆ ਕਿ ਸਰਕਾਰ 8 ਮਿਲੀਅਨ ਡਾਲਰ ਸੈਲਫ ਟੈਸਟਿੰਗ ਕਿੱਟਸ ਨੂੰ ਫੰਡ ਕਰਨ ਲਈ ਦੇਵੇਗੀ, ਜਿਨ੍ਹਾਂ ਨੂੰ ਕਿਤੋਂ ਵੀ ਖਰੀਦਿਆ ਜਾ ਸਕੇਗਾ ਤੇ ਘਰ ਵਿੱਚ ਹੀ ਟੈਸਟ ਵੀ ਕੀਤਾ ਜਾ ਸਕੇਗਾ। ਉਨ੍ਹਾਂ ਆਖਿਆ ਕਿ 9.9 ਮਿਲੀਅਨ ਡਾਲਰ ਉੱਤਰੀ, ਦੂਰ ਦਰਾਜ ਜਾਂ ਅਲੱਗ ਥਲੱਗ ਪਈਆਂ ਕਮਿਊਨਿਟੀਜ਼ ਵਿੱਚ ਐਚਆਈਵੀ ਟੈਸਟਿੰਗ ਦੇ ਪਸਾਰ ਲਈ ਖਰਚ ਕੀਤਾ ਜਾਵੇਗਾ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਕਲਸ ਨੇ ਆਖਿਆ ਕਿ ਭਾਵੇਂ ਅਸੀਂ ਜਾਣਦੇ ਹਾਂ ਕਿ ਐਚਆਈਵੀ ਦੀ ਰੋਕਥਾਮ ਹੋ ਸਕਦੀ ਹੈ, ਫਿਰ ਵੀ ਕੈਨੇਡਾ ਤੇ ਹੋਰਨਾਂ ਮੁਲਕਾਂ ਵਿੱਚ ਐਚਆਈਵੀ ਇਨਫੈਕਸ਼ਨ ਦੀ ਦਰ ਵੱਧ ਹੀ ਹੈ। ਉਨ੍ਹਾਂ ਆਖਿਆ ਕਿ ਟੈਸਟਿੰਗ, ਇਲਾਜ ਤੇ ਕੇਅਰ ਨਾਲ ਅਸੀਂ ਇਸ ਰੁਝਾਨ ਨੂੰ ਮੋੜ ਸਕਦੇ ਹਾਂ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty | Off: 905.230.3100

Pure Vegetarian
MUFFIN'S INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
Free CHOLE BHATURE WHEN YOU SPEND OVER $20

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

OURR HOME APPLIANCES
BASEMENT Special
JULY BOXING WEEK
Stacked laundry
30 inch fridge
Electric stove
$2999
Unit #1, 241 Clarence, St Brampton, On L6W 3E7, (416) 551 3343 | 44 Fosken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਾਲੇ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic 12538
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL
416 938 4598


ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਕਰੋ: 647-784-1213

# ਰਿਚਮੰਡ ਹਿੱਲ ਟਾਊਨਹਾਊਸ ਕਾਂਪਲੈਕਸ ਵਿੱਚ ਲੱਗੀ ਅੱਗ, ਛੇ ਯੂਨਿਟਸ ਸੜੀਆਂ

ਓਨਟਾਰੀਓ, 2 ਅਗਸਤ (ਪੋਸਟ ਬਿਊਰੋ) : ਇੱਕ ਟਾਊਨਹਾਊਸ ਕਾਂਪਲੈਕਸ ਵਿੱਚ ਅੱਗ ਲੱਗਣ ਕਾਰਨ ਛੇ ਯੂਨਿਟਸ ਸੜ ਜਾਣ ਕਰਕੇ ਰਿਚਮੰਡ ਹਿੱਲ ਦੇ ਕਈ ਵਾਸੀ ਬੇਘਰ ਹੋ ਗਏ।

ਇਹ ਅੱਗ ਯੰਗ ਸਟਰੀਟ ਤੇ ਕਾਰਵਿੱਲ ਰੋਡ ਨੇੜੇ ਪਲੇਸੈਸ ਰੋਡ ਉੱਤੇ ਰਾਤੀਂ 1:00 ਵਜੇ ਲੱਗੀ। ਯੌਰਕ ਰੀਜਨਲ ਪੁਲਿਸ ਅਨੁਸਾਰ ਇਹ ਅੱਗ ਇੱਕ ਯੂਨਿਟ ਵਿੱਚ ਲੱਗੀ ਤੇ ਹੋਰਨਾਂ ਤੱਕ ਫੈਲ ਗਈ। ਸਾਰੇ



ਕਾਂਪਲੈਕਸ ਨੂੰ ਖਾਲੀ ਕਰਵਾ ਲਿਆ ਗਿਆ। ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਅੱਗ ਲੱਗਣ ਦੇ ਕਾਰਨਾਂ ਦਾ ਵੀ ਪਤਾ ਨਹੀਂ ਲੱਗ ਸਕਿਆ ਹੈ।

ਅੱਗ ਉੱਤੇ ਕਾਬੂ ਪਾਉਣ ਲਈ ਰਿਚਮੰਡ ਹਿੱਲ, ਸੈਂਟਰਲ ਯੌਰਕ ਤੇ ਵਾਅਨ ਤੋਂ ਫਾਇਰਫਾਈਟਰਜ਼ ਨੂੰ ਸੱਦਿਆ ਗਿਆ। ਅੱਗ ਉੱਤੇ ਕਾਬੂ ਪਾਇਆ ਜਾ ਚੁੱਕਿਆ ਹੈ। ਕ੍ਰਿਊ ਅਜੇ ਵੀ ਮੌਕੇ ਉੱਤੇ ਹੀ ਮੌਜੂਦ ਹੈ ਤੇ ਸਥਿਤੀ ਉੱਤੇ ਨਜ਼ਰ ਰੱਖੀ ਜਾ ਰਹੀ ਹੈ ਤਾਂ ਕਿ ਅੱਗ ਮੁੜ ਨਾ ਲੱਗ ਸਕੇ। ਓਨਟਾਰੀਓ ਫਾਇਰ ਮਾਰਸ਼ਲ ਨੂੰ ਇਸ ਸਬੰਧ ਵਿੱਚ ਜਾਣਕਾਰੀ ਦੇ ਦਿੱਤੀ ਗਈ ਹੈ।

# ਐਲਾਨ ਤੋਂ ਚਾਰ ਮਹੀਨੇ ਬਾਅਦ ਖੁੱਲ੍ਹਿਆ ਪੋਸਟ ਗ੍ਰੈਜੂਏਟ ਵਰਕ ਪਰਮਿਟ ਪੋਰਟਲ

ਓਟਵਾ, 2 ਅਗਸਤ (ਪੋਸਟ ਬਿਊਰੋ) : ਐਕਸਪਾਇਰ ਹੋ ਚੁੱਕੇ ਜਾਂ ਜਲਦ ਐਕਸਪਾਇਰ ਹੋਣ ਜਾ ਰਹੇ ਪੋਸਟ ਗ੍ਰੈਜੂਏਟ ਵਰਕ ਪਰਮਿਟਸ (ਪੀਜੀਡਬਲਿਊਪੀ) ਹੋਲਡਰਜ਼ ਹੁਣ ਮੰਗਲਵਾਰ ਤੋਂ ਆਪਣੇ ਪਰਮਿਟਸ ਵਿੱਚ ਵਾਧਾ ਕਰਨ ਲਈ ਅਪਲਾਈ ਕਰ ਸਕਣਗੇ। ਫੈਡਰਲ ਸਰਕਾਰ ਵੱਲੋਂ ਇਸ ਤਰ੍ਹਾਂ ਦਾ ਵਾਧਾ ਕਰਨ ਦਾ ਐਲਾਨ ਚਾਰ ਮਹੀਨੇ ਪਹਿਲਾਂ ਕੀਤਾ ਗਿਆ ਸੀ। ਇਮੀਗ੍ਰੇਸ਼ਨ ਮੰਤਰੀ ਸ਼ੌਨ ਫਰੇਜ਼ਰ ਨੇ ਮੰਗਲਵਾਰ ਨੂੰ ਆਖਿਆ ਕਿ ਪੀਜੀਡਬਲਿਊਪੀ ਹੋਲਡਰਜ਼, ਜਿਨ੍ਹਾਂ ਦੇ ਪਰਮਿਟ ਪਹਿਲਾਂ ਹੀ ਐਕਸਪਾਇਰ ਹੋ ਚੁੱਕੇ ਹਨ ਜਾਂ 20 ਸਤੰਬਰ 2021 ਤੋਂ 2 ਅਕਤੂਬਰ, 2022 ਦਰਮਿਆਨ ਐਕਸਪਾਇਰ ਹੋਣ ਜਾ ਰਹੇ ਹਨ, ਵਾਧੇ ਲਈ ਆਨਲਾਈਨ ਅਪਲਾਈ ਕਰ ਸਕਣਗੇ ਜਾਂ ਫਿਰ 18 ਮਹੀਨਿਆਂ ਲਈ ਵੈਲਿਡ ਰਹਿਣ ਵਾਲੇ ਨਵੇਂ ਪਰਮਿਟ ਲਈ ਅਪਲਾਈ ਕਰ ਸਕਣਗੇ।

ਜਿਨ੍ਹਾਂ ਦੇ ਪਰਮਿਟ 2 ਅਕਤੂਬਰ ਤੋਂ 31 ਦਸੰਬਰ, 2022 ਦਰਮਿਆਨ ਐਕਸਪਾਇਰ ਹੋਏ ਉਨ੍ਹਾਂ ਨੂੰ 18



ਮਹੀਨਿਆਂ ਦਾ ਵਾਧਾ ਲੈਣ ਲਈ ਕੁੱਝ ਕਰਨ ਦੀ ਲੋੜ ਨਹੀਂ ਹੈ ਬੱਸ ਉਨ੍ਹਾਂ ਨੂੰ ਆਪਣੇ ਮੇਲਿੰਗ ਅਡਰੈੱਸ ਜਾਂ ਪਾਸ-ਪੋਰਟ ਦੀ ਵੈਲੇਡਿਟੀ ਨੂੰ ਅਪਡੇਟ ਕਰਨ ਦੀ ਲੋੜ ਹੋਵੇਗੀ।

ਆਈਆਰਸੀਸੀ ਨੇ ਇਹ ਐਲਾਨ ਵੀ ਕੀਤਾ ਕਿ 20 ਸਤੰਬਰ, 2021 ਤੋਂ 31 ਦਸੰਬਰ, 2022 ਦਰਮਿਆਨ ਐਕਸਪਾਇਰ ਹੋਣ ਜਾ ਰਹੇ ਜਾਂ ਹੋ ਚੁੱਕੇ ਪਰਮਿਟਸ ਲਈ ਉਹ ਪੀਜੀਡਬਲਿਊਪੀ ਹੋਲਡਰਜ਼ ਨੂੰ ਈਮੇਲ ਭੇਜ ਕੇ ਇਹ ਜਾਣਕਾਰੀ ਦੇਵੇਗੀ ਕਿ ਉਨ੍ਹਾਂ ਨੂੰ ਕੰਮ ਕਰਨ ਦੀ ਇਜਾਜ਼ਤ ਹੈ ਤੇ ਇਸ ਦੌਰਾਨ ਉਹ ਪਰਮਿਟਸ ਵਿੱਚ ਹੋਰ ਵਾਧੇ ਜਾਂ ਨਵੇਂ ਪਰਮਿਟ ਲਈ ਅਪਲਾਈ ਕਰ ਸਕਣਗੇ।

ਕਾਮਨਵੈੱਲਥ ਖੇਡਾਂ:

# ਭਾਰਤੀ ਮਹਿਲਾ ਟੀਮ ਨੇ ਲਾਅਨ ਬਾਲ ਵਿੱਚ ਪਹਿਲੀ ਵਾਰ ਗੋਲਡ ਜਿੱਤ ਕੇ ਇਤਿਹਾਸ ਰਚਿਆ

*** ਟੇਬਲ ਟੈਨਿਸ ਵਿੱਚ ਭਾਰਤੀ ਪੁਰਸ਼ ਟੀਮ ਨੂੰ ਵੀ ਸੋਨ ਤਮਗਾ * ਲੁਧਿਆਣਾ ਦੇ ਵਿਕਾਸ ਠਾਕੁਰ ਨੂੰ ਵੇਟ ਲਿਫਟਿੰਗ ਦਾ ਚਾਂਦੀ ਤਗਮਾ**

ਬਰਮਿੰਘਮ, 2 ਅਗਸਤ, (ਪੋਸਟ ਬਿਊਰੋ)- ਭਾਰਤੀ ਮਹਿਲਾ ਫੋਰਸਲਾਅਨ ਬਾਲ ਟੀਮ ਨੇ ਮੰਗਲਵਾਰ ਨੂੰ ਕਾਮਨਵੈੱਲਥਵਿੱਚਦੱਖਣੀ ਅਫਰੀਕਾ ਨੂੰ ਹਰਾ ਕੇ ਭਾਰਤ ਲਈ ਸੋਨ ਤਗਮਾ ਜਿੱਤਿਆ। ਲਵਲੀ ਚੌਬੇ, ਰੂਪਾ ਰਾਣੀ ਟਿਕਰੀ, ਪਿੰਕੀ ਤੇ ਨਯਨਮੋਨੀ ਸੈਕੀਆ ਦੀ ਫੋਰਸ ਟੀਮ ਨੇ ਦੱਖਣੀ ਅਫਰੀਕਾ ਨੂੰ 17-10 ਨਾਲ ਹਰਾਇਆ ਹੈ। ਭਾਰਤ ਨੇ ਇਸ ਤੋਂ ਪਹਿਲਾਂ ਇਸ ਮੁਕਾਬਲੇ ਵਿੱਚ ਕਦੀਇੱਕ ਵੀ ਤਮਗਾ ਨਹੀਂ ਜਿੱਤਿਆ ਸੀ।

ਦੱਖਣੀ ਅਫਰੀਕਾ ਤਿੰਨ ਸਿਰੇ ਦੇ ਅੰਤ ਵਿੱਚ 2-1 ਨਾਲ ਅੱਗੇ ਸੀ, ਪਰ ਭਾਰਤ ਨੇ ਚੌਥੇ ਸਿਰੇ ਦੇ ਅੰਤ ਵਿੱਚ 2-2 ਨਾਲ ਬਰਾਬਰੀ ਕਰ ਲਈ ਅਤੇ ਫਿਰ ਹਰ ਸਿਰੇ ਨਾਲ ਭਾਰਤ ਨੇ ਬੜ੍ਹਤ ਰੱਖੀ। ਸੱਤਵੇਂ ਸਿਰੇ ਤੱਕ ਭਾਰਤ ਨੇ 8-2 ਦੀ ਬੜ੍ਹਤ ਬਣਾ ਲਈ, ਪਰਦੱਖਣੀ ਅਫਰੀਕਾ ਨੇ ਅਗਲੇ ਚਾਰ ਦੌਰ ਵਿੱਚ ਅੱਠ ਪੁਆਇੰਟ ਲੈ ਕੇ ਵਾਪਸੀ ਕੀਤੀ ਅਤੇ 11ਵੇਂ ਅੰਤ ਵਿੱਚਦੱਖਣੀ ਭਾਰਤ ਉੱਤੇ 10-8 ਦੀ ਬੜ੍ਹਤ ਬਣਾ ਲਈ। ਮੈਚ ਮੁੱਕਣ ਤੋਂ ਪਹਿਲਾਂ ਭਾਰਤੀ ਟੀਮ ਨੇ 12ਵੇਂ, 13ਵੇਂ ਤੇ 14ਵੇਂ ਸਿਰੇਦੇ ਸੱਤ ਪੁਆਇੰਟ ਵਧਾ ਕੇ ਦੱਖਣੀ ਅਫਰੀਕਾ ਨੂੰ 15-10 ਨਾਲ ਪਿੱਛੇ ਧੱਕਦਿੱਤਾ। 15ਵੇਂ ਅਤੇ ਆਖ਼ਰੀ ਸਿਰੇਵਿੱਚਦੱਖਣੀ ਅਫਰੀਕਾ ਨੂੰ ਜਿੱਤ ਲਈ ਛੇ ਪੁਆਇੰਟ ਚਾਹੀਦੇ ਸਨ, ਪਰ ਉਹਏਦਾਂ ਨਹੀਂ ਕਰ ਸਕੀ ਤੇ ਭਾਰਤ ਨੇ ਆਪਣੇ ਸਕੋਰ ਵਿੱਚ ਦੋ ਹੋਰ ਪੁਆਇੰਟ ਜੋੜ ਕੇ ਮੈਚ 17-10 ਨਾਲ ਜਿੱਤ ਲਿਆ।





ਪੁਰਸ਼ਾਂ ਦੇ ਟੇਬਲ ਟੈਨਿਸ ਮੁਕਾਬਲੇ ਦੇ ਫਾਈਨਲ ਵਿੱਚਸਾਬਕਾ ਚੈਂਪੀਅਨ ਭਾਰਤ ਨੇ ਅੱਜ ਸਿੰਗਾਪੁਰ ਨੂੰ 3-1 ਨਾਲ ਹਰਾ ਕੇ ਸੋਨ ਤਮਗਾ ਜਿੱਤ ਲਿਆ। ਹਰਮੀਤ ਦੇਸਾਈ ਅਤੇ ਜੀ. ਸਾਥਿਆਨ ਦੀ ਜੋੜੀ ਨੇ ਯੋਨ ਇਜਾਕ ਕਵੇਕ ਅਤੇ ਯੂ ਇਨ ਕੋਏਨ ਪਾਂਗ ਦੀ ਜੋੜੀ ਨੂੰ 13-11, 11-7, 11-5 ਨਾਲ ਹਰਾ ਕੇ ਭਾਰਤ ਨੂੰ ਸ਼ੁਰੂਆਤ ਦਿਵਾਈ, ਪਰ ਸ਼ਰਤ ਕਮਲ ਆਪਣੀ ਲੈਅ ਨਹੀਂ ਰੱਖ ਸਕੇ ਅਤੇ ਸੈਮੀਫਾਈਨਲਵਿੱਚ ਨਾਈਜੀਰੀਆ ਦੇ ਵਿਸ਼ਵ ਰੈਂਕਿੰਗਵਿੱਚ 15ਵੇਂ ਨੰਬਰ ਦੇ ਖਿਡਾਰੀ ਅਰੁਣਾ ਕਾਦਰੀ ਨੂੰ ਹਰਾ ਚੁੱਕੇ ਸ਼ਰਤ ਕਮਲ ਸਿੰਗਲਜ਼ ਮੈਚ ਵਿਚ ਸਿੰਗਾ-ਪੁਰ ਦੇ ਖਿਡਾਰੀ ਨੇ 11-7, 12-14, 11-9 ਨਾਲ ਹਰਾ ਦਿੱਤਾ। ਵਿਸ਼ਵ ਰੈਂਕਿੰਗਵਿੱਚ 35ਵੇਂ ਨੰਬਰ ਵਾਲੇ ਜੀ. ਸਾਥਿਅਨ ਨੇ ਇਸ ਪਿੱਛੋਂ ਪਾਂਗ ਨੂੰ ਨੂੰ 12-10, 7-11, 11-7 , 11-4 ਨਾਲ ਹਰਾ ਕੇ ਮੁਕਾਬਲੇ ਵਿੱਚ ਭਾਰਤ ਦੀ ਵਾਪਸੀ ਕਰਾਈ ਅਤੇ ਹਰਮੀਤ ਦੇਸਾਈ ਨੇ ਤੀਸਰੇ ਸਿੰਗਲਜ਼ ਮੁਕਾਬਲੇ ਵਿਚ ਚੀਯੂ ਨੂੰ 11-8, 11-5, 11-6 ਨਾਲ ਹਰਾ ਕੇ ਸ਼ਰਤ ਕਮਲ ਦੀ ਹਾਰ ਦਾ ਬਦਲਾ ਲੈਣ ਦੇ ਨਾਲ ਭਾਰਤ ਨੂੰ ਇਸ ਮੁਕਾਬਲੇ ਵਿਚ ਸੋਨੇ ਦਾ ਤਮਗਾ ਦਿਵਾ ਦਿੱਤਾ।

ਬਰਮਿੰਘਮ ਕਾਮਨਵੈੱਲਥਵਿੱਚ ਲੁਧਿਆਣਾ ਦੇ ਵਿਕਾਸ ਠਾਕੁਰ ਨੇ ਅੱਜ 96 ਕਿੱਲੋ ਵੇਟ ਲਿਫਟਿੰਗ ਵਿੱਚ 346 ਕਿੱਲੋ ਭਾਰ ਚੁੱਕ ਕੇ ਚਾਂਦੀ ਦਾ ਤਮਗਾ ਜਿੱਤਿਆ ਹੈ। ਉਸ ਨੂੰਮੁੱਖ ਮੰਤਰੀ ਭਗਵੰਤ ਮਾਨ ਨੇ ਵਧਾਈ ਦਿੱਤੀ ਅਤੇ ਟਵੀਟਕੀਤਾ, 'ਪੰਜਾਬ ਦੇ ਇੱਕ ਹੋਰ ਖਿਡਾਰੀ ਨੇ ਕਾਮਨਵੈੱਲਥ ਖੇਡਾਂਵਿੱਚ ਭਾਰਤ ਦੀ ਤਮਗਾ ਸੂਚੀਵਿੱਚ ਆਪਣਾ ਨਾਮ ਦਰਜ ਕਰਵਾਇਆ, 96 ਕਿੱਲੋ ਵੇਟਲਿਫਟਿੰਗ ਮੁਕਾਬਲੇਵਿੱਚ ਲੁਧਿਆਣੇ ਦੇ ਵਿਕਾਸ ਠਾਕੁਰ ਨੇ 346 ਭਾਰ ਚੁੱਕ ਕੇ ਚਾਂਦੀ ਦਾ ਤਮਗਾ ਜਿੱਤਿਆ, ਬਹੁਤ-ਬਹੁਤ ਵਧਾਈਆਂ, ਮਿਹਨਤ ਜਾਰੀ ਰੱਖੋ, ਭਵਿੱਖ ਲਈ ਸ਼ੁਭ-ਕਾਮਨਾਵਾਂ, ਸ਼ਾਬਾਸ਼, ਚੱਕਦੇ ਇੰਡੀਆ! ਲੁਧਿਆਣਾ ਦੇ ਏਲਡੈਕੋ ਵਿੱਚ ਵਿਕਾਸ ਠਾਕੁਰ ਦੇ ਘਰਅੱਜ ਉਸ ਦੀ ਮਾਂ ਆਸ਼ਾ ਠਾਕੁਰ ਦਾ ਜਨਮ ਦਿਨ ਸੀ, ਜਿਸ ਤੋਂ ਪਹਿਲਾਂ ਪਰਿਵਾਰ ਟੀਵੀ ਦੇਖ ਰਿਹਾ ਸੀ ਤੇ ਜਦੋਂ ਵਿਕਾਸ ਨੂੰ ਚਾਂਦੀ ਤਮਗਾ ਮਿ-ਲਿਆ ਤਾਂ ਪੂਰਾ ਪਰਵਾਰ ਨੱਚ ਉੱਠਿਆ। ਇਸ ਤੋਂ ਪਹਿਲਾਂ ਵਿਕਾਸ ਠਾਕੁਰ ਨੇ 2014 ਵਿੱਚ ਗਲਾਸਗੋ ਵਿੱਚ ਚਾਂਦੀ ਦਾ ਤਗ਼ਮਾ ਅਤੇ 2018 ਵਿੱਚ ਸੋਨੇ ਦਾ ਕਾਂਸੀ ਤਗ਼ਮਾ ਜਿੱਤਿਆ ਸੀ।ਉਸ ਦੇ ਪਿਤਾ ਬ੍ਰਿਜ ਲਾਲ ਠਾਕੁਰਟਰੇਨ ਮੈਨੇਜਰ ਹਨ।




ਕਾਮਨਵੈੱਲਥ ਦੇ ਬੈਡਮਿੰਟਨ ਮਿਕਸਡ ਟੀਮ ਦੇ ਫਾਈਨਲਵਿੱਚਏਥੇ ਮਲੇਸ਼ੀਆ ਵਿਰੁੱਧ 1-3 ਦੀ ਹਾਰ ਦੇ ਨਾਲ ਭਾਰਤ ਸੋਨ ਤਮਗਾ ਨਹੀਂ ਲੈ ਸਕਿਆ, ਪਰ ਚਾਂਦੀ ਤਮਗਾ ਜਿੱਤ ਲਿਆ। ਇਸ ਵਿੱਚ ਭਾਰਤ ਦੇ ਸਿੰਗਲਜ਼ ਖਿਡਾਰੀਆਂ ਤੇ ਮਲੇਸ਼ੀਆ ਦੀਆਂ ਡਬਲਜ਼ ਜੋੜੀਆਂ ਉੱਤੇ ਨਜ਼ਰਾਂ ਸਨ। ਭਾਰਤ ਦੇ ਖਿਡਾਰੀ ਆਪਣੇ ਤੋਂ ਘੱਟ ਰੈਂਕਿੰਗ ਵਾਲੇ ਵਿਰੋਧੀਆਂ ਵਿਰੁੱਧ ਆਸ ਵਰਗਾ ਪ੍ਰਦਰਸ਼ਨ ਨਹੀਂ ਕਰ ਸਕੇ, ਜਿਸ ਨਾਲ ਭਾਰਤ ਸੋਨ ਤਮਗੇ ਤੋਂ ਖੁੰਝ ਗਿਆ। ਭਾਰਤ ਵੱਲੋਂ ਸਿਰਫ ਮਹਿਲਾ ਸਿੰਗਲਜ਼ ਮੁਕਾਬਲੇਵਿੱਚ ਸਟਾਰ ਖਿਡਾਰਨ ਪੀਵੀ ਸਿੰਧੂਜਿੱਤ ਸਕੀ, ਜਿਸ ਨੇ ਮਲੇਸ਼ੀਆ ਦੀ ਜਿਨ ਵੇਈ ਗੋਹ ਨੂੰ 22-20, 17-21 ਨਾਲ ਹਰਾਇਆ। ਭਾਰਤੀ ਪੁਰਸ਼ ਡਬਲਜ਼ ਜੋੜੀ ਸਾਤਵਿਕਸਾਈਰਾਜ ਰੈਂਕੀਰੈੱਡੀ ਅਤੇ ਚਿਰਾਗ ਸ਼ੈੱਟੀ ਨੂੰ ਮਲੇਸ਼ੀਆ ਦੇ ਟੇਂਗ ਫੋਂਗ ਆਰੋਨ ਚਿਯਾ ਤੇ ਵੂਈ ਯਿਕ ਸੋਹ ਹੱਥੋਂ 18-21, 15-21 ਨਾਲ ਹਾਰ ਹੋਈ ਤੇਫਿਰ ਪੁਰਸ਼ ਸਿੰਗਲਜ਼ਵਿੱਚ ਐੱਨ. ਜੀ. ਟੀਜੇ ਯੋਂਗ ਵਿਰੁੱਧਕਿਦਾਂਬੀ ਸ੍ਰੀਕਾਂਤ 19-21, 21-6, 16-21 ਨਾਲ ਹਾਰਨਨਾਲ ਭਾਰਤ 1-2 ਨਾਲ ਪਛੜ ਗਿਆ। ਕੁੰਗ ਲੀ ਪਿਯਰਲੀ ਟੇਨ ਅਤੇ ਮੁਰਲੀਧਰਨ ਥਿਨਾਹ ਦੀ ਦੁਨੀਆ ਦੀ 11ਵੇਂ ਨੰਬਰ ਦੀ ਜੋੜੀ ਨੇ ਇਸ ਪਿੱਛੋਂ ਮਹਿਲਾ ਡਬਲਜ਼ਵਿੱਚ ਤ੍ਰਿਸ਼ਾ ਜਾਲੀ ਤੇ ਭਾਰਤ ਦੀ ਗਾਇਤਰੀ ਗੋਪੀਚੰਦ ਵਾਲੀ ਜੋੜੀ ਨੂੰ 21-18, 21-17 ਨਾਲ ਹਰਾ ਕੇ ਸੋਨ ਤਮਗਾ ਜਿੱਤ ਲਿਆ।

# ਲਾਪਤਾ 11 ਸਾਲਾ ਬੱਚੀ ਸਹੀ ਸਲਾਮਤ ਮਿਲੀ

ਓਨਟਾਰੀਓ, 2 ਅਗਸਤ (ਪੋਸਟ ਬਿਊਰੋ) : ਸਟਰੈਟਫੋਰਡ, ਓਨਟਾਰੀਓ ਤੋਂ ਲਾਪਤਾ 11 ਸਾਲਾ ਬੱਚੀ ਦੇ ਸੁਰੱਖਿਅਤ ਮਿਲ ਜਾਣ ਤੋਂ ਬਾਅਦ ਇਸ ਸਬੰਧ ਵਿੱਚ ਜਾਰੀ ਐਂਬਰ ਐਲਰਟ ਨੂੰ ਹਟਾ ਲਿਆ ਗਿਆ ਹੈ।

ਮੰ਼ਗਲਵਾਰ ਨੂੰ ਸ਼ਾਮੀਂ 6:15 ਵਜੇ ਫੋਨ ਉੱਤੇ ਸਟਰੈਟਫੋਰਡ ਦੀ ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਬੱਚੀ ਬਿਲਕੁਲ ਸਹੀ ਸਲਾਮਤ ਹੈ। ਬੱਚੀ ਦੇ ਲਾਪਤਾ ਹੋਣ ਉੱਤੇ ਐਂਬਰ ਐਲਰਟ ਇੱਕ ਘੰਟੇ ਪਹਿਲਾਂ 5:37 ਉੱਤੇ ਜਾਰੀ ਕੀਤਾ ਗਿਆ ਸੀ। ਇੱਕ ਟਵੀਟ ਵਿੱਚ ਸਟਰੈਟਫੋਰਡ ਪੁਲਿਸ ਨੇ ਦੱਸਿਆ ਕਿ




ਬੱਚੀ ਨੂੰ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਤੇ ਯੌਰਕ ਰੀਜਨਲ ਪੁਲਿਸ ਦੀ ਮਦਦ ਨਾਲ ਲੱਭਿਆ ਗਿਆ। ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ।

# ਟੋਰਾਂਟੋ ਵਿੱਚ ਚੱਲੀ ਗੋਲੀ, ਇੱਕ ਗੰਭੀਰ ਜ਼ਖ਼ਮੀ


ਟੋਰਾਂਟੋ, 2 ਅਗਸਤ (ਪੋਸਟ ਬਿਊਰੋ) : ਸਕਾਰਬਰੋ ਵਿੱਚ ਗੋਲੀ ਲੱਗਣ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਇਲਾਜ ਲਈ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਮੰਗਲਵਾਰ ਨੂੰ ਟੋਰਾਂਟੋ ਪੁਲਿਸ ਨੂੰ ਰਾਤੀਂ 8:30 ਵਜੇ ਵਾਰਡਨ ਐਵਨਿਊ ਤੇ ਸੇਂਟ ਕਲੇਅਰ ਐਵਨਿਊ ਈਸਟ ਇਲਾਕੇ ਵਿੱਚ ਸੂਟਿੰਗ ਦੀਆਂ ਖਬਰਾਂ ਮਿਲੀਆਂ। ਜਾਂਚਕਾਰਾਂ ਨੂੰ ਇੱਕ ਵਿਅਕਤੀ ਇਸ ਇਲਾਕੇ ਵਿੱਚ ਜ਼ਖ਼ਮੀ ਹਾਲਤ ਵਿੱਚ




ਮਿਲਿਆ। ਉਸ ਨੂੰ ਗੋਲੀ ਲੱਗੀ ਹੋਈ ਸੀ ਤੇ ਉਹ ਬੁਰੀ ਤਰ੍ਹਾਂ ਜ਼ਖ਼ਮੀ ਸੀ।

ਅਜੇ ਤੱਕ ਮਸ਼ਕੂਕਾਂ ਸਬੰਧੀ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।



# ਪਾਕਿ ਫੌਜ ਦਾ ਹੈਲੀਕਾਪਟਰ ਡਿੱਗਾ, ਲੈਫਟੀਨੈਂਟ ਜਨਰਲ ਸਣੇ 6 ਮੌਤਾਂ

ਇਸਲਾਮਾਬਾਦ, 2 ਅਗਸਤ, (ਪੋਸਟ ਬਿਊਰੋ)- ਬਲੋਚਿਸਤਾਨ ਰਾਜਵਿੱਚ ਹੜ੍ਹ ਰਾਹਤ ਮੁਹਿੰਮਵਿੱਚ ਪਾਕਿਸਤਾਨੀ ਫੌਜ ਦਾਇੱਕ ਹੈਲੀਕਾਪਟਰ ਹਾਦਸਾਗ੍ਰਸਤ ਹੋਣ ਨਾਲ ਪਾਕਿਸਤਾਨੀ ਫੌਜ ਦੇ ਇੱਕ ਲੈਫਟੀਨੈਂਟ ਜਨਰਲ ਅਤੇ ਪੰਜ ਸੀਨੀਅਰ ਫੌਜੀ ਅਫਸਰ ਮਾਰੇ ਗਏ ਹਨ। ਫੌਜ ਮੁਤਾਬਕਇਸ ਹੈਲੀਕਾਪਟਰਵਿੱਚ 12ਵੀਂ ਕੋਰ ਦੇ ਕਮਾਂਡਰ ਲੈਫਟੀਨੈਂਟ ਜਨਰਲ ਸਰਫਰਾਜ਼ ਅਲੀ ਸਵਾਰ ਸਨਅਤੇ ਉਹ ਬਲੋਚਿਸਤਾਨਵਿੱਚ ਹੜ੍ਹ ਰਾਹਤ ਕਾਰਜਾਂ ਦੀ ਨਿਗਰਾਨੀ ਕਰ ਰਹੇ ਸਨ। ਇਹ ਸਾਰਾ ਇਲਾਕਾ ਬਹੁਤ ਜ਼ਿਆਦਾ ਬਾਰਸ਼ਾਂ ਕਾਰਨ ਹੜ੍ਹ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੈ।



ਪਾਕਿਸਤਾਨੀ ਫੌਜ ਦੀ ਮੀਡੀਆ ਬ੍ਰਾਂਚ ਇੰਟਰ ਸਰਵਿਸੇਜ ਪਬਲਿਕ ਰਿਲੇਸ਼ਨਸ ਦੇ ਡਾਇਰੈਕਟਰ ਜਨਰਲ ਮੇਜਰ ਜਨਰਲ ਬਾਬਰ ਇਫਤਿਖਾਰ ਦੇ ਮੁਤਾਬਕ ਹੜ੍ਹ ਰਾਹਤ ਕਾਰਜਾਂ ਵਿੱਚ ਲੱਗੇ ਹੈਲੀਕਾਪਟਰ ਦਾ ਮਲਬਾ ਲਾਸ-ਬੇਲਾ ਦੇ ਮੂਸਾ ਗੋਥਵਿੱਚ ਮਿਲਿਆ ਹੈ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਮੁਤਾਬਕ ਹਾਦਸੇ ਦਾ ਕਾਰਨ ਖਰਾਬ ਮੌਸਮ ਲੱਗਦਾ ਹੈ। ਖਬਰ ਦੇ ਮੁਤਾਬਕ ਲੈਫਟੀਨੈਂਟ ਜਨਰਲ ਸਰਫਰਾਜ਼ ਉਨ੍ਹਾਂ ਫੌਜੀ ਅਫਸਰਾਂਵਿੱਚੋਂ ਸਨ, ਜਿਨ੍ਹਾਂ ਦਾ ਇਮਰਾਨ ਖਾਨ ਨੇ ਪਿਛਲੇ ਸਾਲ ਅਕਤੂਬਰਵਿੱਚ ਖੁਫੀਆ ਏਜੰਸੀ ਇੰਟਰ ਸਰਵਿਸੇਜ ਇੰਟੈਲੀਜੈਂਸ (ਆਈਐੱਸਆਈ) ਦੇ ਡਾਇਰੈਕਟਰ ਜਨਰਲ ਦੇ ਅਹੁਦੇ ਲਈ ਇੰਟਰਵਿਊ ਲਿਆ ਸੀ। ਉਹ ਅਮਰੀਕਾਵਿੱਚ ਪਾਕਿਸਤਾਨ ਦੇ ਮਿਲਟਰੀ ਅਟੈਚੀ ਰਹਿ ਚੁੱਕੇ ਸਨ। ਹਾਦਸੇ ਵਾਲੇ ਹੈਲੀਕਾਪਟਰਦੇ ਮ੍ਰਿਤਕ ਅਫਸਰਾਂਵਿੱਚ ਕੋਸਟ ਗਾਰਡ ਦੇ ਡਾਇਰੈਕਟਰ ਬ੍ਰਿਗੇਡੀਅਰ ਅਮਜ਼ਦ ਹਨੀਫ (ਜਿਨ੍ਹਾਂ ਨੇ ਪਿੱਛੇ ਜਿਹੇ ਮੇਜਰ ਜਨਰਲ ਵਜੋਂ ਤਰੱਕੀ ਮਿਲੀ ਸੀ), ਬ੍ਰਿਗੇਡੀਅਰ ਮੁਹੰਮਦ ਖਾਲਿਦ, ਮੇਜਰ ਸਈਦ ਅਹਿਮਦ, ਮੇਜਰ ਮੁਹੰਮਦ ਤਲਹਾ ਮਨਨ ਅਤੇ ਨਾਇਕ ਮੁਦੱਸਰ ਫੈਯਾਜ਼ ਸ਼ਾਮਲ ਸਨ।

# ਮੁੱਖ ਮੰਤਰੀ ਭਗਵੰਤ ਮਾਨ ਅਤੇ ਕਿਸਾਨ ਆਗੂਆਂ ਵਿਚਾਲੇ ਕਈ ਮੰਗਾਂ ਦੀ ਸਹਿਮਤੀ ਬਣੀ

ਚੰਡੀਗੜ੍ਹ, 2 ਅਗਸਤ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਰੀਬ ਚਾਰ ਘੰਟੇ ਕਿਸਾਨਆਗੂਆਂ ਨਾਲ ਮੀਟਿੰਗ ਕੀਤੀ ਹੈ, ਜਿਸਪਿੱਛੋਂਉਨ੍ਹਾਂਦੱਸਿਆ ਕਿ ਸਰਕਾਰ ਤੇ ਕਿਸਾਨ ਆਗੂਆਂ ਦੀ ਸਹਿਮਤੀ ਹੋ ਗਈ ਹੈ। ਕਿਸਾਨ ਆਗੂਆਂ ਨੇ ਗੰਨੇ ਦੀ ਅਦਾਇਗੀ, ਸਰਹੱਦੀ ਖੇਤਰ ਦੀਆਂ ਸਮੱਸਿਆਵਾਂ, ਬਿਜਲੀ ਆਦਿ ਕਈ ਮੁੱਦੇ ਉਠਾਏ ਸਨ, ਉਨ੍ਹਾਂ ਦੀਆਂ ਮੰਗਾਂ ਮੰਨੀਆਂ ਜਾ ਰਹੀਆਂ ਹਨ ਤੇ ਕਿਸਾਨ ਆਗੂ ਸਹਿਮਤ ਹੋ ਗਏ ਹਨ।



ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ ਕਿ 'ਬਹੁਤੀਆਂ ਮੰਗਾਂ ਕੇਂਦਰ ਨਾਲ ਸਬੰਧਤ ਹਨ, ਜਿਵੇਂ ਕਿਸਾਨਾਂ ਉੱਤੇ ਆਰਪੀਐਫ (ਰੇਲਵੇ ਪ੍ਰੋਟੈਕਸ਼ਨ ਫੋਰਸ) ਵੱਲੋਂ ਬਣਾਏ ਕੇਸ ਹਨ ਤੇ ਇਹ ਫੋਰਸ ਕੇਂਦਰ ਦੀ ਹੈ। ਅਸੀਂ ਮ੍ਰਿਤਕ 292 ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇ ਚੁੱਕੇ ਹਾਂ ਤੇ ਬਾਕੀਆਂ ਨੂੰ ਲੱਖ ਰੁਪਏ ਮੁਆਵਜ਼ਾ ਅਗਸਤ ਤੱਕ ਮਿਲ ਜਾਵੇਗਾ।' ਉਨ੍ਹਾ ਕਿਹਾ ਕਿ ਕਿਸਾਨਾਂ ਉਤੇ ਦਰਜ ਸਾਰੇ ਕੇਸ ਰੱਦ ਹੋਣਗੇ ਤੇ 5 ਅਗਸਤ ਨੂੰ ਕਿਸਾਨਾਂ ਨੂੰ ਮੁਆਵਜ਼ਾ ਰਾਸ਼ੀ ਮਿਲੇਗੀ। ਮਾਨ ਨੇ ਕਿਹਾ ਕਿਗੰਨੇ ਦੀ ਅਦਾਇਗੀ 294.98 ਕਰੋੜ ਰੁਪਏ ਸਰਕਾਰ ਵੱਲ ਹੈ, ਇਸ ਅਦਾਇਗੀ ਲਈ ਬਾਕੀ ਬਚਦਾ ਸੌ ਕਰੋੜ ਰੁਪਏ ਦਾ ਭੁਗਤਾਨ 2 ਕਿਸ਼ਤਾਂ ਵਿੱਚ ਕੀਤਾ ਜਾਵੇਗਾ।

ਅੱਜ ਦੀ ਮੀਟਿੰਗ ਪਿੱਛੋਂਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਅਸੀਂ ਅਗਲੇ ਦਿਨ ਕਰਨ ਵਾਲਾ ਆਪਣਾ ਪ੍ਰਦਰਸ਼ਨ ਨਹੀਂ ਕਰਾਂਗੇ। ਉਨ੍ਹਾਂ ਕਿਹਾ ਕਿ ਸਰਕਾਰ ਨੇ ਭਰੋਸਾ ਦਿੱਤਾ ਹੈ ਕਿ ਮੰਗਾਂ ਮੰਨੀਆਂ ਜਾਣਗੀਆਂ ਤੇ ਅਸੀਂ ਇਕੱਠੇ 7 ਸਤੰਬਰ ਨੂੰ ਮੁੱਖ ਮੰਤਰੀ ਨਾਲ ਫਿਰ ਬੈਠਕ ਕਰਾਂਗੇ। ਜੇ 7 ਸਤੰਬਰ ਤੱਕ ਸਾਡੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਸ ਤੋਂ ਬਾਅਦ ਅਸੀਂ ਫੈਸਲਾ ਕਰਾਂਗੇ ਕਿ ਅੱਗੇ ਕੀ ਕਰਨਾ ਹੈ।

## ਅੱਜ ਨਾਮਾ

ਬਰਮਿੰਘਮ ਵਿੱਚ ਜਵਾਨੀ ਦਾ ਹੜ੍ਹ ਆਇਆ,
ਹਰ ਕੋਈ ਕਰਦਾ ਈ ਪਿਆ ਕਮਾਲ ਮਿੱਤਰ।
ਹਾਕੀ ਖੇਡ ਜਾਂ ਕਰਨ ਕੁਝ ਵੇਟ-ਲਿਫਟਿੰਗ,
ਹਰ ਕੋਈ ਪਾਉਂਦਾ ਹੈ ਬੱਸ ਧਮਾਲ ਮਿੱਤਰ।
ਕੁੜੀਆਂ ਲੰਘਦੀਆਂ ਅੱਗੇ ਹਨ ਛੋਹਰੂਆਂ ਤੋਂ,
ਮਿਲਦੇ ਈ ਛੋਹਰੂ ਵੀ ਭੱਜ ਕੇ ਨਾਲ ਮਿੱਤਰ।
ਖਿਡਾਰੀ ਭਾਰਤ ਦੇ ਖੇਡ ਰਹੇ ਬਹੁਤ ਸੋਹਣਾ,
ਐਤਕੀਂ ਬਣਦੀ ਹੈ ਲੱਗਦੀ ਮਿਸਾਲ ਮਿੱਤਰ।
ਕਾਕਿਆਂ-ਕਾਕੀਆਂ ਨੇ ਕੋਈ ਨਾ ਕਸਰ ਛੱਡੀ,
ਤਮਗੇ ਲਿਆਉਣ ਲਈ ਗਏ ਨੇ ਤੁੱਲ ਮਿਤਰ।
ਪਛੜਨ ਲੱਗੇ ਨਹੀਂ ਛੋਹਰ ਇਹ ਕਿਸੇ ਤੋਂ ਵੀ,
ਪਾਵੇ ਸਰਕਾਰ ਇਸ ਮੁੜ੍ਹਕੇ ਦਾ ਮੁੱਲ ਮਿੱਤਰ।

ਤੀਸ ਮਾਰ ਖਾਂ

# ਕੈਪੀਟਲ ਹਿੱਲ ਦੰਗੇ ਦਾ ਦੋਸ਼ੀ 87 ਮਹੀਨੇ ਜੇਲ੍ਹ ਵਿੱਚ ਰਹੇਗਾ

ਵਾਸ਼ਿੰਗਟਨ, 2 ਅਗਸਤ, (ਪੋਸਟ ਬਿਊਰੋ)- ਅਮਰੀਕਾ ਵਿੱਚ 6 ਜਨਵਰੀ 2021 ਨੂੰ ਹੋਈ ਕੈਪੀਟਲ ਹਿੰਸਾ ਵਾਲੇ ਕੇਸਵਿੱਚਇਸ ਸੋਮਵਾਰ ਨੂੰ ਟੈਕਸਾਸ ਦੇ ਇੱਕ ਵਿਅਕਤੀ ਨੂੰ ਅਦਾਲਤ ਨੇ 87 ਮਹੀਨੇ ਦੀ ਸਜ਼ਾ ਕੀਤੀ ਸੀ। ਇਸ ਕੇਸਵਿੱਚ ਦੋਸ਼ੀ ਦੰਗਾਕਾਰੀ ਦੇ ਖਿਲਾਫ ਅਦਾਲਤ ਵੱਲੋਂ ਸੁਣਾਈ ਗਈ ਇਹ ਸਭ ਤੋਂ ਵੱਡੀ ਸਜ਼ਾ ਹੈ।

ਵਰਣਨ ਯੋਗ ਹੈ ਕਿ ਉਸ ਵਕਤ ਅਮਰੀਕਾਵਿੱਚ ਰਾਸ਼ਟਰਪਤੀ ਚੋਣਾਂਵਿੱਚ ਮਿਲੀ ਹਾਰ ਪਿੱਛੋਂ ਧਾਂਦਲੀ ਦੇ ਦੋਸ਼ ਲਾਉਣ ਪਿੱਛੋਂ ਉਸ ਵਕਤ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਮੱਰਥਕਾਂ ਨੇ ਪਾਰਲੀਮੈਂਟ ਕੰਪਲੈਕਸਵਿੱਚ ਭਾਰੀ ਹਿੰਸਾ ਕੀਤੀ ਅਤੇ ਦੋਸ਼ੀ ਗਾਈ ਰਿਫਿਟ (49 ਸਾਲ) ਪਿਸਤੌਲ ਨਾਲ ਲੈਸ ਉਸ ਹਿੰਸਾਵਿੱਚ ਸ਼ਾਮਲ ਸੀ। ਓਦੋਂ ਉਸ ਦੇ ਪੁੱਤਰ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਸੀ ਅਤੇ ਪੁੱਤਰ ਨੇ ਜਾਂਚ ਏਜੰਸੀ ਐਫਬੀਆਈ ਨੂੰ ਹਿੰਸਾ ਵਿੱਚਉਸ ਦੀ ਭੂਮਿਕਾ ਬਾਰੇ ਦੱਸ ਦਿੱਤਾ ਸੀ। ਮਾਰਚ ਵਿੱਚ ਉਸਨੂੰ ਇੱਕ ਅਮਰੀਕੀ ਕੋਰਟ ਨੇ ਪੰਜ ਗੰਭੀਰ ਕੇਸਾਂ ਦਾ ਦੋਸ਼ੀ ਮੰਨਿਆ ਸੀ। ਇਨ੍ਹਾਂ ਵਿੱਚ ਸਰਕਾਰੀ ਕਾਰਵਾਈ ਵਿੱਚ ਵਿਘਨ ਪਾਉਣਾ ਅਤੇ ਪੁਲੀਸ ਨਾਲ ਟਕਰਾਅ ਦੇ ਦੋਸ਼ ਸ਼ਾਮਲ ਹਨ।

ਸਾਲ 2021 ਦੀਆਂ ਆਮ ਚੋਣਾਂ ਪਿੱਛੋਂ 6 ਜਨਵਰੀ ਨੂੰ ਡੋਨਾਲਡ ਟਰੰਪ ਦੀ ਹਾਰ ਤੋਂ ਭੜਕੇ ਸਮੱਰਥਕਾਂ ਦੀ ਭੀੜ ਨੇ ਅਮਰੀਕਾ ਦੇ ਕੈਪੀਟਲ ਹਿੱਲ ਉੱਤੇ ਹਮਲਾ ਕਰ ਦਿੱਤਾ ਸੀ। ਇਹ 1812 ਦੀ ਜੰਗ ਮਗਰੋਂ ਅਮਰੀਕਾ ਦੀ ਪਾਰਲੀਮੈਂਟ ਉੱਤੇ ਸਭ ਤੋਂ ਵੱਡਾ ਹਮਲਾ ਕਿਹਾ ਗਿਆ ਸੀ। ਭੀੜ ਨੇ ਉੱਥੇ ਪੁਲਿਸ ਉੱਤੇ ਵੀ ਹਮਲਾ ਕੀਤਾ ਤੇ ਟਰੰਪ ਸਮੱਰਥਕ ਮੰਗ ਕਰਦੇ ਸਨ ਕਿ ਬਾਇਡਨ ਦੀ ਜਿੱਤਪ੍ਰਵਾਨ ਕਰਨ ਤੋਂ ਰੋਕੀ ਜਾਵੇ। ਦੋ ਹਫ਼ਤੇ ਪਿੱਛੋਂਜੋਅ ਬਾਇਡਨ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲ ਲਿਆ ਸੀ।ਉਸ ਦੰਗੇ ਦੇ ਦੋਸ਼ਾਂ ਲਈ 725 ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

# ਆਜ਼ਾਦੀ ਮਹਾ-ਉਤਸਵ: ਤਿਰੰਗੇ ਵਾਸਤੇ ਦੋ ਵੱਡੀਆਂ ਸਿਆਸੀ ਪਾਰਟੀਆਂ ਭਾਜਪਾ ਤੇ ਕਾਂਗਰਸ ਮੁਕਾਬਲੇ ਵਿੱਚ ਰੁੱਝੀਆਂ

ਚੰਡੀਗੜ੍ਹ, 2 ਅਗਸਤ, (ਪੋਸਟ ਬਿਊਰੋ)- ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਦੇ ਮੌਕੇ ਇਸ ਦੇਸ਼ ਵਿਚਲੀਆਂ ਦੋ ਵੱਡੀਆਂ ਰਾਜਨੀਤਕ ਪਾਰਟੀਆਂ ਇਸ ਦੇਸ਼ ਦੇ ਤਿਰੰਗੇ ਝੰਡੇ ਕਾਰਨ ਆਹਮੋ ਸਾਹਮਣੇ ਹੋਣ ਲੱਗੀਆਂ ਹਨ।

ਵਰਣਨ ਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਨੂੰ 'ਅੰਮ੍ਰਿਤ ਮਹਾਉਤਸਵ' ਕਿਹਾ ਤੇ ਇਸ ਲਈ 15 ਅਗਸਤ ਨੂੰ ਆਜ਼ਾਦੀ ਦਿਨ ਮੌਕੇ ਘਰ-ਘਰ ਝੰਡਾ ਲਹਿਰਾਉਣ ਦਾ ਸੱਦਾ ਦਿੱਤਾ ਹੈ। ਆਜ਼ਾਦੀ ਦੇ ਜਜ਼ਬੇ ਨੂੰ ਦੇਖਦੇ ਹੋਏ ਭਾਜਪਾ ਮਗਰੋਂ ਕਾਂਗਰਸ ਵੀ ਇਸ ਰਾਹ ਪੈ ਗਈ ਹੈ। ਭਾਜਪਾ ਨੇ ਦੇਸ਼ ਵਿੱਚ ਜਿੱਦਾਂ ਤਿਰੰਗੇ ਝੰਡੇ ਲਹਿਰਾਉਣ ਲਈ ਤਿਆਰੀਆਂ ਕੀਤੀਆਂ ਹਨ, ਕਾਂਗਰਸ ਵੀ ਤਿਰੰਗਾ ਯਾਤਰਾ ਕੱਢਣ ਤੁਰ ਪਈ ਹੈ। ਪੰਜਾਬ ਕਾਂਗਰਸ ਨੇ 9 ਤੋਂ 15 ਅਗਸਤ ਤਕ ਸਾਰੇ ਜ਼ਿਲ੍ਹਿਆਂ ਵਿਚ ਤਿਰੰਗਾ ਯਾਤਰਾ ਦੀ ਯੋਜਨਾ ਬਣਾਈ ਹੈ। ਅਜੇ ਇਸ ਦਾ ਕੋਈ ਰੂਟ ਪਲਾਨ ਤਿਆਰ ਨਹੀਂ ਕੀਤਾ, ਪਰ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪ੍ਰਧਾਨਗੀਹੇਠ ਅੱਜ ਪੰਜਾਬ ਕਾਂਗਰਸ ਦੀ ਬੈਠਕਵਿੱਚ ਸਾਰੇ ਜ਼ਿਲ੍ਹਿਆਂ ਵਿੱਚ ਤਿਰੰਗਾ ਯਾਤਰਾ ਕੱਢਣ ਦਾ ਫ਼ੈਸਲਾ ਕੀਤਾ ਗਿਆ ਹੈ।ਇਸਬੈਠਕ ਵਿੱਚ ਪੰਜਾਬ ਕਾਂਗਰਸ ਦੇ ਕਈ ਸੀਨੀਅਰ ਆਗੂ ਅਤੇ ਵਿਧਾਇਕ ਆਦਿਸ਼ਾਮਲ ਸਨ।



ਮਿਲੀ ਸੂਚਨਾ ਅਨੁਸਾਰ ਕਾਂਗਰਸ ਅੱਗੇ ਵੱਡੀ ਚੁਣੌਤੀ ਕੌਮੀ ਪੱਧਰ ਉੱਤੇ ਭਾਰਤੀ ਜਨਤਾ ਪਾਰਟੀ ਸਾਲ ਨਿਪਟਣ ਦੇ ਨਾਲ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨਾਲ ਨਜਿੱਠਣਾ ਹੈ। ਕਾਂਗਰਸ ਸਮਝਦੀ ਹੈ ਕਿ ਭਾਜਪਾ ਵੱਲੋਂ ਘਰ-ਘਰ ਤਿਰੰਗਾ ਲਹਿਰਾਉਣ ਨਾਲ ਉਸ ਨੂੰ ਮਿਲਣ ਵਾਲੀ ਭੱਲ ਦੇ ਮੁਕਾਬਲੇਲਈ ਸਰਗਰਮੀ ਦੀ ਲੋੜ ਹੈ ਅਤੇ ਏਸੇ ਲਈਉਸ ਨੇ ਹਫ਼ਤਾਵਾਰੀ ਤਿਰੰਗਾ ਯਾਤਰਾ ਕੱਢਣ ਦਾ ਫ਼ੈਸਲਾ ਕੀਤਾ ਹੈ। ਉਧਰ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰ ਉੱਤੇ ਮੀਟਿੰਗਾਂ ਨਾਲ ਘਰ-ਘਰ ਤਿਰੰਗਾ ਲਹਿਰਾਉਣ ਲਈ ਮੁਹਿੰਮ ਚਲਾਈ ਜਾ ਰਹੀ ਹੈ।ਇਸ ਕਾਰਨ ਇਸ ਵਾਰ ਆਜ਼ਾਦੀ ਦਿਨ ਦਾ ਰੰਗ ਮੁਕਾਬਲੇਬਾਜ਼ੀ ਵਾਲਾ ਹੋ ਜਾਵੇਗਾ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043
647-208-7011

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਸਾਊਥਲੇਕ ਸੀਨੀਅਰਜ਼ ਕਲੱਬ ਨੇ ਮਨਾਇਆ 'ਕੈਨੇਡਾ ਮਲਟੀਕਰਚਰਲ ਡੇਅ'



















ਬਰੈਂਪਟਨ, (ਡਾ. ਝੰਡ) - ਲੰਘੇ ਸ਼ਨੀਵਾਰ 23 ਜੁਲਾਈ ਨੂੰ ਬਰੈਂਪਟਨ ਦੀ ਸਾਊਥਲੇਕ ਸੀਨੀਅਰਜ਼ ਕਲੱਬ ਵੱਲੋਂ ਸੈਂਚਰੀ ਗਾਰਡਨ ਰੀਕਰੀਏਸ਼ਨ ਸੈਂਟਰ ਵਿਖੇ ਕੈਨੇਡਾ ਮਲਟੀਕਲਚਰਲ ਡੇਅ ਦੇ ਸਬੰਧ ਵਿਚ ਸ਼ਾਨਦਾਰ ਪਲੇਠੇ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਵਿਚ ਪੰਜਾਬੀ, ਗੁਜਰਾਤੀ, ਮੁਸਲਿਮ, ਵੈਸਟ ਇੰਡੀਅਨ ਤੇ ਹੋਰ ਕਮਿਉਨਿਟੀਆਂ ਵੱਲੋਂ 300 ਤੋਂ ਵਧੀਕ ਗਿਣਤੀ ਵਿਚ ਸ਼ਮੂਲੀਅਤ ਕੀਤੀ ਗਈ। ਸਮਾਗਮ ਦੀ ਸੁਰੂਆਤ ਕੈਨੇਡਾ ਦੇ ਰਾਸ਼ਟਰੀ ਗੀਤ 'ਓ ਕੈਨੇਡਾ ਦੇ ਗਾਇਨ ਨਾਲ ਕੀਤੀ ਗਈ। ਉਪਰੰਤ, ਬਰੈਂਪਟਨ ਦੇ ਮੇਅਰ ਪੈਟਰਿਕ ਬਰਾਉਨ ਅਤੇ ਕਲੱਬ ਦੇ ਪ੍ਰਧਾਨ ਗਿਆਨ ਪਾਲ ਨੇ ਇਸ ਪ੍ਰੋਗਰਾਮ ਨੂੰ ਰਸਮੀ ਤੌਰ 'ਤੇ ਬਾਕਾਇਦਾ ਆਰੰਭ ਕੀਤਾ। ਇਸ ਮੌਕੇ ਬੋਲਦਿਆਂ ਪੈਟਰਿਕ ਬਰਾਉਨ ਨੇ ਕਿਹਾ ਕਿ ਉਨਾਂ ਨੂੰ ਬਰੈਂਪਟਨ ਧੀਉਂ ਵੱਖ-ਵੱਖ ਕਮਿਉਨਿਟੀਆਂ ਦੇ ਲੋਕਾਂ ਨੂੰ ਇਹ ਸਮਾਗਮ ਏਨੀ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ ਮਨਾਉਂਦਿਆਂ ਵੇਖ ਕੇ ਬੜੀ ਪ੍ਰਸੰਨਤਾ ਹੋਈ ਹੈ ਅਤੇ ਇਸ ਤੋਂ ਪਹਿਲਾਂ ਮੈਂ ਸਾਇਦ ਹੀ ਅਜਿਹਾ ਏਡਾ ਵੱਡਾ ਸਮਾਗਮ ਵੇਖਿਆ ਹੋਵੇ। ਉਨ੍ਹਾਂ ਨੇ ਆਉਂਦੇ ਸਮੇਂ ਵਿਚ ਕਲੱਬ ਨੂੰ ਇਸ ਤਰ੍ਹਾਂ ਦੇ ਸਮਾਗ਼ਮ ਮਨਾਉਣ ਲਈ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿਵਾਇਆ। ਕਲੱਬ ਦੇ ਪ੍ਰਧਾਨ ਗਿਆਨ ਪਾਲ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਬਰੈਂਪਟਨ ਵਿਚ ਇਕ ਹੋਰ ਸੀਨੀਅਰਜ਼ ਕਲੱਬ ਬਨਾਉਣ ਦਾ ਮਕਸਦ ਸੀਨੀਅਰਾਂ ਨੂੰ ਦਰਪੇਸ਼ ਮਸਲਿਆਂ ਇਕੱਲਤਾ, ਸਿਹਤ ਸਬੰਧੀ ਜਾਗਰੂਕਤਾ, ਪਰਿਵਾਰਿਕ ਅਤੇ ਹੋਰਨਾਂ ਮਸਲਿਆਂ ਬਾਰੇ ਸਾਂਝੇ ਤੌਰ 'ਤੇ ਵਿਚਾਰ ਵਟਾਂਦਰਾ ਕਰਕੇ ਉਨ੍ਹਾਂ ਦੇ ਯੋਗ ਹੱਲ ਲੱਭਣਾ ਹੈ। ਉਨ੍ਹਾਂ ਨੇ ਹੋਰ ਕਿਹਾ ਕਿ ਇਸ ਸਬੰਧੀ ਕਲੱਬ ਵੱਲੋਂ ਆਉਂਦੇ ਮਹੀਨਿਆਂ ਵਿਚ ਸੈਮੀਨਾਰ ਆਯੋਜਿਤ ਕੀਤੇ ਜਾਣਗੇ ਜਿਨ੍ਹਾਂ ਵਿਚ ਵੱਖ-ਵੱਖ ਪਰਿਵਾਰਿਕ ਵਿਸ਼ਿਆਂ ਦੇ ਮਾਹਿਰਾਂ ਨੂੰ ਸੰਬੋਧਨ ਕਰਨ ਲਈ ਸੱਦੇ ਦਿੱਤੇ ਜਾਣਗੇ।

ਸਮਾਗਮ ਵਿਚ ਕਈ ਰਾਜਨੀਤਕ ਸ਼ਖਸੀਅਤਾ ਨੇ ਵੀ ਆਪਣੀ ਭਰਪੂਰ ਹਾਜਰੀ ਲੁਆਈ ਜਿਨਾਂ ਵਿਚ ਬਰੈਂਪਟਨ ਨੌਰਥ ਦੀ ਪਾਰਲੀਮੈਂਟ ਮੈਂਬਰ ਰੂਬੀ ਸਹੋਤਾ, ਬਰੈਂਪਟਨ ਈਸਟ ਦੇ ਐੱਮ.ਪੀ.ਪੀ. ਹਰਦੀਪ ਗਰੇਵਾਲ, ਬਰੈਂਪਟਨ ਵੈੱਸਟ ਦੇ ਐੱਮ.ਪੀ.ਪੀ. ਅਮਰਜੋਤ ਸੰਧੂ, ਵਾਰਡ ਨੰਬਰ 1 ਤੋਂ 5 ਦੇ ਰੀਜਨਲ . ਕੌਂਸਲਰ ਪਾਲ ਵੇਸੈਂਟੇ ਅਤੇ ਸਿਟੀ ਕੌਂਸਲਰ ਰੋਵੇ ਸੰਤੋਸ਼ ਸ਼ਾਮਲ ਸਨ। ਉਨ੍ਹਾਂ ਦੇ ਵੱਲੋਂ ਕਲੱਬ ਨੂੰ ਭਰਪੂਰ ਸੁੱਭ-ਇੱਛਾਵਾਂ ਦਿੱਤੀਆਂ ਗਈਆਂ ਅਤੇ ਭਵਿੱਖ ਵਿਚ ਹਰ ਪ੍ਰਕਾਰ ਦੇ ਸਹਿਯੋਗ ਦੀ ਯਾਚਨਾ ਕੀਤੀ ਗਈ। ਪ੍ਰੋਗਰਾਮ ਦੇ ਅਖੀਰ ਵੱਲ ਵੱਧਦਿਆਂ ਬਰੈਂਪਟਨ ਸੈਂਟਰ ਦੇ ਮੈਂਬਰ ਪਾਰਲੀਮੈਂਟ ਸ਼ਫਾਕਤ ਅਲੀ ਵੱਲੋਂ ਵੀ ਸ਼ਰਿਕਤ ਕੀਤੀ ਗਈ। ਆਪਣੇ ਸੰਬੋਧਨ ਵਿਚ ਉਨ੍ਹਾਂ ਨੇ ਸੀਨੀਅਰਾਂ ਦੀ ਕਾਫੀ ਹੌਸਲਾ-ਅਫਜਾਈ ਕੀਤੀ ਅਤੇ ਕਿਹਾ ਕਿ ਉਹ ਜਲਦੀ ਹੀ ਸੀਨੀਅਰਾਂ ਦੇ ਮਸਲਿਆਂ ਬਾਰੇ ਸੀਨੀਅਰਜ਼ ਮੰਤਰਾਲੇ ਦੀ ਮੰਤਰੀ ਮਾਣਯੋਗ ਕਮਲ ਖਹਿਰਾ ਨਾਲ ਮੀਟਿੰਗ ਕਰਨਗੇ ਅਤੇ ਇਨ੍ਹਾਂ ਦੇ ਹੱਲ ਬਾਰੇ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕਰਨਗੇ। ਇਸ ਦੌਰਾਨ ਗੀਤ-ਸੰਗੀਤ ਦੇ ਵੱਖ-ਵੱਖ ਰੰਗਾਂ ਨਾਲ ਸਰੋਤਿਆਂ ਦਾ ਖ਼ੂਬ ਮਨੋਰੰਜਨ ਕੀਤਾ ਗਿਆ। ਕਲਾਕਾਰ ਸਾਰੇ ਕਲੱਬ ਦੇ ਮੈਂਬਰ ਹੀ ਸਨ ਅਤੇ ਉਨ੍ਹਾਂ ਵੱਲੋਂ ਗਿੱਧਾ, ਗਰਬਾ ਤੇ ਹੋਰ ਨਾਚ-ਗਾਣਿਆਂ ਦੀਆਂ ਵੱਖ-ਵੱਖ ਵੰਨਗੀਆਂ ਪੇਸ਼ ਕੀਤੀਆਂ ਗਈਆਂ। ਰਣਬੀਰ ਚੌਹਾਨ ਤੇ ਸਲਮਾ ਜੋਸ਼ੀ ਨੇ ਬਾਲੀਵੁੱਡ ਫਿਲਮਾਂ ਦੇ ਗੀਤ ਗਾ ਕੇ ਖ਼ੂਬ ਰੰਗ ਬੰਨਿਆ। ਪ੍ਰੋਗਰਾਮ ਦਾ ਸੰਚਾਲਨ ਸ੍ਰੀਮਤੀ ਵਾਤਸਲਾ ਵਿਆਸ ਅਤੇ ਹਣਬੀਰ ਚੌਹਾਨ ਵੱਲੋਂ ਮਿਲ ਕੇ ਕੀਤਾ ਗਿਆ। ਅਖੀਰ ਵਿਚ ਸਾਰੇ ਬੁਲਾਰਿਆਂ, ਗਾਇਕਾਂ, ਕਲਾਕਾਰਾਂ ਤੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਲੱਬ ਦੇ ਪ੍ਰਧਾਨ ਗਿਆਨ ਪਾਲ ਨੇ ਦੱਸਿਆ ਕਿ ਇਹ ਕਲੱਬ ਗੈਰਰਾਜਸੀ, ਨਾਨ-ਪਰਾਫਿਟ, ਵਾਲੰਟੀਅਰ, ਚੈਰੀਟੇਬਲ ਸੰਸਥਾ ਹੈ ਅਤੇ ਇਹ ਬਰੈਂਪਟਨ ਸਿਟੀ ਦੇ ਨਾਲ ਅਫਿਲੀਏਟਿਡ ਹੈ। ਕਲੱਬ ਦੇ ਬੋਰਡ ਅਤੇ ਹਾਲਕਾਰ ਕਮੇਟੀ ਮੈਂਬਰਾਂ ਵਿਚ ਰਾਮ ਸਿੰਘ ਦੇਂਦ, ਸੁਖਦੇਵ ਸਿੰਘ ਬੇਦੀ, ਡਾ. ਸੁਖਦੇਵ ਸਿੰਘ ਝੰਡ, ਰਣਜੀਤਭਾਈ ਪਟੇਲ, ਅਮੀਰਭਾਈ ਭੱਟ, ਮਹੇਸ਼ਭਾਈ ਜੈਸਵਾਲ ਅਤੇ ਸ੍ਰੀਮਤੀ ਰੇਹਾਨਾ ਹਫੀਜ਼ ਸ਼ਾਮਲ ਹਨ। ਉਨਾਂ ਕਿਹਾ ਕਿ ਇਨ੍ਹਾਂ ਸਾਰਿਆਂ ਦੀ ਅਗਵਾਈ ਅਤੇ ਸਹਿਯੋਗ ਨਾਲ ਕਲੱਬ ਨੂੰ ਸੁਚੱਜਤਾ ਨਾਲ ਅੱਗੇ ਵਧਾਇਆ ਜਾਏਗਾ।









# ਬਲਿਉ ਓਕ ਪਾਰਕ ਵਿਖੇ ਚਾਵਾਂ ਨਾਲ ਮਨਾਇਆ ਤੀਆਂ ਦਾ ਤਿਉਹਾਰ

## ਪੰਜਾਬੀ ਮੁਟਿਆਰਾਂ ਨੇ ਪਾਈ ਗਿੱਧੇ ਤੇ ਬੋਲੀਆਂ ਦੀ ਧਮਾਲ

ਬਰੈਪਟਨ: ਬਲਿਉ ਓਕ ਪਾਰਕ ਵਿਖੇ ਪੰਜਾਬ ਦੇ ਅਮੀਰ ਵਿਰਸੇ ਨਾਲ ਜੁੜਿਆ ਤੀਆਂ ਦਾ ਤਿਉਹਾਰ ਬੜੇ ਪਿਆਰ ਅਤੇ ਚਾਵਾਂ ਨਾਲ ਮਨਾਇਆ ਗਿਆ। ਪੰਜਾਬੀ ਸੱਭਿਆਚਾਰ ਦੇ ਰੰਗ ਵਿੱਚ ਸੱਜ-ਧੱਜ ਕੇ ਆਈਆਂ ਮੁਟਿਆਰਾਂ ਤੇ ਸੁਆਣੀਆਂ ਨੇ ਇਕ ਦੂੱਜੇ ਨੂੰ ਤੀਆਂ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ। ਇਸ ਸਮਾਗਮ ਵਿਚ ਬਲਿਉ ਓਕ, ਬਲੈਕ ਓਕ, ਫਰਨ ਫਰੈਸਟ ਅਤੇ ਆਲੇ ਦੁਆਲੇ ਰਹਿੰਦੇ ਵੱਡੀ ਗਿਣਤੀ ਪੰਜਾਬੀ ਭਾਈਚਾਰੇ ਦੇ ਪ੍ਰੀਵਾਰਾਂ ਦੀਆਂ ਮੁਟਿਆਰਾਂ ਵਲੋਂ ਪਾਈਆਂ ਪੰਜਾਬੀ ਬੋਲੀਆ ਅਤੇ ਗਿੱਧੇ ਨੇ ਤੀਆਂ ਦੇ ਤਿਉਹਾਰ ਨੂੰ ਹੋਰ ਵੀ ਚਾਰ ਚੰਨ ਲਾ ਦਿੱਤੇ। ਇਕ ਪਾਸੇ ਸੁਆਣੀਆਂ ਪੀਂਘਾਂ ਝੂਟ ਰਹੀਆਂ ਸੀ ਤੇ ਦੂੱਜੇ ਪਾਸੇ ਗਿੱਧੇ ਦੀ ਧਮਾਲ। ਸਾਵਨ ਦਾ ਮਹੀਨਾਂ ਤੇ ਪਾਰਕ ਵਿਚ ਆਪਣੇ ਨਿਕੇ ਨਿਆਨਿਆਂ ਨਾਲ ਆਏ ਮਾਪੇ ਤੇ ਬਜ਼ੁਰਗ ਕਨੇਡਾ ਵਿਚ ਪੰਜਾਬ ਦੀ ਝਲਕ ਦਾ ਭੁਲੇਖਾ ਪਾ ਰਹੇ ਸੀ।ਇਸ ਮੌਕੇ ਪ੍ਰਬੰਧਕਾਂ ਵਲੋਂ ਖਾਣ-ਪੀਣ ਦਾ ਵੀ ਪ੍ਰਬੰਧ ਕੀਤਾ ਸੀ ਜਿਨਾਂ ਦੇ ਸਾਰਿਆਂ ਨੇ ਰਲ ਕੇ ਅਨੰਦ ਮਾਣਿਆਂ। ਭਾਵੇਂ ਪੰਜਾਬੀ ਭਾਈਚਾਰਾ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਜਾ ਵਸਿਆ ਹੈ ਪਰ ਉਹ ਵਿਦੇਸ਼ਾਂ ਵਿੱਚ ਰਹਿ ਕੇ ਵੀ ਆਪਣੇ ਸ਼ਾਨਾ ਮੱਤੇ ਵਿਰਸੇ ਨਾਲ ਜੁੜਿਆ ਹੋਇਆ ਹੈ। ਉਹ ਆਪਣੇ ਧਾਰਮਿਕ ਸਮਾਗਮ, ਖੇਡਾਂ ਅਤੇ ਤਿਉਹਰ ਮਨਾਉਂਦੇ ਹਨ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬੀ ਪ੍ਰੀਵਾਰ ਸ਼ਾਮਲ ਹੁੰਦੇ ਹਨ। ਸਾਡੇ ਵਿਦੇਸ਼ਾਂ ਵਿਚ ਜਮ-ਪਲ ਨਵੀਂ ਪੀੜੀ ਦੇ ਬੱਚਿਆਂ ਲਈ ਵੀ ਪ੍ਰੇਰਣਾ ਸਰੋਤ ਹਨ।












## ਪੰਜਾਬੀ ਸੱਭਿਆਚਾਰ ਮੰਚ ਵੱਲੋਂ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ ਗਿਆ





(ਬਰੈਂਪਟਨ/ਬਾਸੀ ਹਰਚੰਦ) ਭਾਰਤ ਦੀ ਅਜਾਦੀ ਦੇ ਸੰਘਰਸ਼ ਦੇ ਮਹਾਨ ਸਪੂਤ ਸਹੀਦ ਊਧਮ ਸਿੰਘ ਦਾ ਸ਼ਹੀਦੀ ਦਿਵਸ ਪੰਜਾਬੀ ਸੱਭਿਆਚਾਰ ਮੰਚ ਬਰੈਂਪਟਨ ਟਰੋਂਟੋ (ਕੇਨੇਡਾ) ਵੱਲੋਂ ਮੰਚ ਦੇ ਪਰਧਾਨ ਸਾਥੀ ਬਲਦੇਵ ਸਿੰਘ ਸਹਿਦੇਵ ਅਤੇ ਸੀਨੀਅਰਜ ਅਸੋਸੀਏਸ਼ਨ ਕਲੱਬ ਬਰੈਂਪਟਨ ਦੇ ਪਰਧਾਨ ਜੰਗੀਰ ਸਿੰਘ ਸੈਂਭੀ ਦੀ ਪਰਧਾਨਗੀ ਹੇਠ ਬੜੇ ਪਰਭਾਵਸਾਲੀ ਅਤੇ ਸੰਜੀਦਗੀ ਨਾਲ ਮਨਾਇਆ ਗਿਆ। ਲੋਕ ਹੱਕਾਂ ਨੂੰ ਪਰਨਾਏ ਹੋਏ ਬੁਲਾਰਿਆਂ ਮੰਚ ਦੇ ਪਰਧਾਨ ਬਲਦੇਵ ਸਿੰਘ ਸਹਿਦੇਵ, ਕਿਰਤੀ ਲਹਿਰ ਦੇ ਆਗੂ ਜਗਜੀਤ ਸਿੰਘ ਜੋਗਾ, ਡਾ:ਬਲਜਿੰਦਰ ਸਿੰਘ ਸੇਖੋਂ, ਬਲਦੇਵ ਸਿੰਘ ਰੈਪਾ, ਹਰਚੰਦ ਸਿੰਘ ਬਾਸੀ,ਨੇ ਸ਼ਹੀਦ ਦੇ ਜੀਵਨ ਉਦੇਸ਼ ਅਤੇ ਸਰਗਰਮੀਆਂ ਬਾਰੇ ਬਾਲਪਣ ਤੋਂ ਲੈ ਕੇ ਫਾਂਸੀ ਦੇ ਤਖਤੇ ਤੱਕ ਦੇ ਸਮੇਂ ਦਾ ਬਿਰਤਾਂਤ ਕੀਤਾ। ਮਾਂ ਬਾਪ ਦੇ ਸਾਏ ਦਾ ਸਿਰ ਤੋਂ ਓਠ ਜਾਣਾ, ਯਤੀਮ ਖਾਨੇ ਪਲਣਾ ਤੇ ਓਥੇ ਹੀ ਪੜਣਾ, ਜਲਿਆਂ ਵਾਲੇ ਬਾਗ ਦੇ ਸਾਕੇ ਦੇ ਦੁਖਾਤ ਦਾ ਮਨ ਤੇ ਅਸਰ ਹੋਣਾ, ਅਫਰੀਕਾ ਜਾਣਾ,ਵਾਪਸ ਪਰਤਣਾ , ਜੇਲ ਜਾਣਾ, ਇਗਲੈਂਡ ਜਾਣਾ ਅਤੇ ਵੀਹ ਸਾਲ ਬਾਅਦ ਜਲਿਆਂ ਵਾਲੇ ਬਾਗ ਦੇ ਸਾਕੇ ਦੇ ਜਿੰਮੇਵਾਰ ਜਰਨਲ ਉਡਵਾਇਰ ਨੂੰ ਮਾਰਨਾ, ਬਾਰੇ ਵਿਸਥਾਰ ਨਾਲ ਵਿਚਾਰ ਸਾਂਝੇ ਕੀਤੇ। ਇਸ ਦੇ ਨਾਲ ਦੀ ਨਾਲ ਹੀ ਉਸ ਸਮੇਂ ਦੀ ਅੰਗਰੇਜ਼ ਹਕੂਮਤ ਅਤੇ ਅੱਜੋਕੀ ਭਾਰਤ ਸਰਕਾਰ ਵੱਲੋਂ ਲੋਕਾਂ ਨਾਲ ਕੀਤੀਆਂ ਜਾ ਰਹੀਆਂ ਬੇਇਨਸਾਫੀਆਂ ਅਤੇ ਮਨੁਖੀ ਅਜਾਦੀਆਂ ਨੂੰ ਕੁਚਲਣ ਦਾ ਭਾਵਪੂਰਕ ਡੰਗ ਨਾਲ ਜਿਕਰ ਕੀਤਾ।,ਸੁਰਜੀਤ ਸਿੰਘ ਦੌਧਰ,ਨੌਜਵਾਨ ਸੁਮੀਤ, ਬਲਬੀਰ ਸਿੰਘ,ਨੇ ਆਪਣੇ ਢੰਗ ਨਾਲ ਵਿਚਾਰ ਸਾਂਝੇ ਕੀਤੇ।ਇਸ ਗੱਲ ਤੇ ਜੋਰ ਦਿਤਾ ਕਿ ਅਜੋਕੀ ਹਕੂਮਤ ਦੀਆਂ ਮਾਰੂ ਨੀਤੀਆਂ ਦਾ ਟਾਕਰਾ ਕਰਨ ਲਈ ਲੋਕ ਪੱਖੀ ਲੜਾਕੂ ਸ਼ਕਤੀਆਂ ਨੂੰ ਇਕ ਮੰਚ ਤੇ ਸੰਜੀਦਗੀ ਨਾਲ ਇਕੱਠੇ ਹੋਣ ਦੀ ਲੋੜ ਲਈ ਅਪੀਲ ਕਰੀਏ । ਲੋਕ ਘੋਲਾਂ ਦੇ ਸ਼ਹੀਦ ਸਾਡੇ ਲਈ ਪਰੇਰਨਾ ਸਰੋਤ ਹਨ ਇਸ ਲਈ ਸਾਨੂੰ ਇਕੱਠੇ ਹੋ ਕੇ ਦਿਨ ਮਨਾਉਣੇ ਚਾਹੀਦੇ ਹਨ। ਸਿਮਰਜੀਤ ਸਿੰਘ ਮਾਨ ਵੱਲੋਂ ਲੋਕ ਨਾਇਕ ਪਰਮਗੁਣੀ ਸ਼ਹੀਦ ਸ੍ਰ:ਭਗਤ ਸਿੰਘ ਬਾਰ ਦਿਤੇ ਘਟੀਆ ਬਿਆਨ:ਕਿ ਉਹ ਅੱਤਵਾਦੀ ਸੀ, ਦੇ ਵਿਰੁਧ ਨਿੰਦਿਆ ਦਾ ਮਤਾ ਸਰਵ ਸੰਮਤੀ ਨਾਲ ਸਮਾਗਮ ਵਿੱਚ ਹਾਜਰ ਮੈਂਬਰਾਂ ਨੇ ਪਾਸ ਕੀਤਾ ਅਤੇ ਉਸ ਪੁੱਤ ਦੇ ਸਰਕਾਰੀ ਦਫਤਰਾਂ ਵਿੱਚੋਂ ਸ਼ਹੀਦ ਭਗਤ ਸਿੰਘ ਦੀ ਫੋਟੋ ਹਟਾਉਣ ਵਾਲੇ ਬਿਆਨ ਦੀ ਨਿੰਦਿਆ ਕੀਤੀ । ਮੰਚ ਦੇ ਸਕੱਤਰ ਕਾਮਰੇਡ ਸੁਖਦੇਵ ਸਿੰਘ ਧਾਲੀਵਾਲ ਨੈ ਸਮਾਗਮ ਵਿੱਚ ਸਾਮਲ ਸੱਭ ਹਾਜ਼ਰੀਨ ਦਾ ਧੰਨਵਾਦ ਕੀਤਾ। ਹਰਚੰਦ ਸਿੰਘ ਬਾਸੀ ਨੇ ਸਟੇਜ ਦੀ ਜਿੰਮੇਵਾਰੀ ਨਿਭਾਈ। ਚਾਹ ਸਨੈਕਸ ਦਾ ਪਰਬੰਧ ਮੰਚ ਵੱਲੋਂ ਕੀਤਾ ਗਿਆ ।

## ਮੇਫੀਲਰ ਸੀਨੀਅਰਜ਼ ਕਲੱਬ ਵੱਲੋਂ ਤੀਆਂ ਦਾ ਪ੍ਰੋਗਰਾਮ ਰੱਦ

(ਬਰੈਂਪਟਨ/ਬਾਸੀ ਹਰਚੰਦ) ਬੜੇ ਅਫਸੋਸ ਨਾਲ ਲਿਖਣਾ ਕੈ ਰਿਹਾ ਹੈ ਕਿ ਮੇਫਿਲਰ ਸੀਨੀਅਰਜ਼ ਕਲੱਬ ਦੇ ਸੀਨੀਅਰ ਸਾਥੀ ਸੁਭਾਸ਼ ਖੁਰਮੀ ਨੇ ਦੱਸਿਆ ਕਿ ਕਲੱਬ ਨੇ ਜੋ ਤੀਆਂ ਦਾ ਪ੍ਰੋਗਰਾਮ 6 ਅਗਸਤ 2022 ਦਾ ਨਿਸਚਤ ਕੀਤਾ ਗਿਆ ਸੀ ਉਹ ਕਲੱਬ ਦੇ ਸੀਨੀਅਰ ਪਰਬੰਧਕ ਸਾਥੀ ਸ਼ਭਾਸ਼ ਖੁਰਮੀ ਦੇ ਪਰੀਵਾਰ ਵਿੱਚ ਅਚਾਨਕ ਮੌਤ ਹੋ ਜਾਣ ਦੇ ਕਾਰਨ ਰੱਦ ਕੀਤਾ ਜਾਂਦਾ ਹੈ। ਇਹ ਪਰੋ-ਗਰਾਮ ਕਿਸੇ ਹੋ ਦਿਹਾੜੇ ਮਨਾਇਆ ਜਾਏਗਾ ਅਤੇ ਸੱਭ ਨੂੰ ਸੂਚਿਤ ਕੀਤਾ ਜਾਏਗਾ। ਇਹ ਪਰੋਗਰਾਮ ਰੱਦ ਕਰਨ ਲਈ ਸਾਰੀ ਪਰਬੰਧਕੀ ਕਮੇਟੀ ਸਾਰੀਆਂ ਭੇਣਾ ਅਤੇ ਭਰਾਵਾਂ ਤੋਂ ਇਸ ਬੇ ਅਰਾਮੀ ਲਈ ਮੁਆਫੀ ਮੰਗਦੀ ਹੈ। ਹੋਰ ਜਾਣਕਾਰੀ ਲਈ ਫੋਨ ਨੰਬਰ ਸੁਭਾਸ਼ ਖੁਰਮੀ 647-741-9003 ਰਵਿੰਦਰ ਸਿੰਘ ਤੱਖਰ 905-866- 3553

## ਯੂਕੇ: ਕੇਲਿਆਂ ’ਚ ਲੁਕੋਈ ਅੱਧੇ ਟਨ ਤੋਂ ਵੱਧ ਕੋਕੀਨ ਥੇਮਜ ਬੰਦਰਗਾਹ ’ਤੇ ਜ਼ਬਤ







ਲੰਡਨ/ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਦੱਖਣ-ਪੂਰਬੀ ਇੰਗਲੈਂਡ ਦੇ ਏਸੇਕਸ ਤੱਟ ਸਥਿਤ ਲੰਡਨ ਗੇਟਵੇ ’ਤੇ ਕੋਲੰਬੀਆ ਤੋਂ ਯਾਤਰਾ ਕਰਨ ਵਾਲੀ ਕਿਸ਼ਤੀ ’ਤੇ ਅੱਧੇ ਟਨ ਤੋਂ ਵੱਧ ਕਲਾਸ ਏ ਡਰੱਗ ਜਬਤ ਕੀਤੇ ਜਾਣ ਦੀ ਖਬਰ ਸਾਹਮਣੇ ਆਈ ਹੈ। ਜਾਂਚਕਰਤਾਵਾਂ ਨੇ ਮੰਗਲਵਾਰ ਨੂੰ ਇੱਕ ਸ਼ਿਪਮੈਂਟ ਨੂੰ ਰੋਕਿਆ, ਜੋ ਕਿ ਨੀਦਰਲੈਂਡਜ ਨੂੰ ਜਾ ਰਿਹਾ ਸੀ। ਜਾਣਕਾਰੀ ਮੁਤਾਬਕ ਗੱਤੇ ਦੇ ਡੱਬਿਆਂ ਵਿੱਚ ਕੇਲਿਆਂ ਦੇ ਨਾਲ-ਨਾਲ ਸੈਂਕੜੇ ਵੱਡੀਆਂ ਕੋਕੀਨ ਦੀਆਂ ਸਲੈਬਾਂ ਪਾਈਆਂ ਗਈਆਂ ਸਨ। ਇਸ ਸਬੰਧੀ ਨੈਸ਼ਨਲ ਕ੍ਰਾਈਮ ਏਜੰਸੀ ਨੇ ਕਿਹਾ ਕਿ ਇੱਕ ਵਾਰ ਕੱਟਣ ਅਤੇ ਵੇਚੇ ਜਾਣ ’ਤੇ ਢੋਆ-ਢੁਆਈ ਦਾ ਯੂਕੇ ਸਟ੍ਰੀਟ ਮੁੱਲ 40 ਮਿਲੀਅਨ ਪੌਂਡ ਤੋਂ ਵੱਧ ਹੋਣਾ ਸੀ। ਐਨਸੀਏ ਸ਼ਾਖਾ ਦੇ ਸੰਚਾਲਨ ਮੈਨੇਜਰ ਐਡਮ ਬੇਰੀ ਨੇ ਇਸ ਕਾਰਵਾਈ ਨੂੰ ਨਸ਼ੇ ਦੇ ਵਪਾਰੀਆਂ ਲਈ ਵੱਡਾ ਝਟਕਾ ਦੱਸਿਆ ਹੈ। ਉਸਨੇ ਕਿਹਾ ਕਿ ਇਸ ਆਕਾਰ ਦੀ ਇੱਕ ਖੇਪ ਨੂੰ ਜਬਤ ਕਰਨਾ ਇਸ ਖੇਪ ਵਿੱਚ ਸ਼ਾਮਲ ਅਪਰਾਧਿਕ ਨੈਟਵਰਕ ਲਈ ਇੱਕ ਬਹੁਤ ਵੱਡਾ ਝਟਕਾ ਹੋਵੇਗਾ। ਉਹਨਾਂ ਦਾ ਕਹਿਣਾ ਹੈ ਕਿ ਐਨਸੀਏ ਨਸ਼ੀਲੇ ਪਦਾਰਥਾਂ ਨੂੰ ਇਸ ਹੱਦ ਤੱਕ ਪਹੁੰਚਣ ਤੋਂ ਰੋਕਣ ਲਈ ਸਮੇਂ ਸਮੇਂ 'ਤੇ ਲੋਕਾਂ ਨੂੰ ਸੁਚੇਤ ਕਰਨ ਦੇ ਨਾਲ ਨਾਲ ਉਹਨਾਂ ਦੀ ਸਹਾਇਤਾ ਲੈਣ ਲਈ ਵੀ ਸਖਤ ਮਿਹਨਤ ਕਰਦਾ ਹੈ। ਉਹਨਾਂ ਕਿਹਾ ਕਿ ਨਸ਼ੇ ਦੇ ਤਸਕਰ ਸਮੇਂ ਸਮੇਂ 'ਤੇ ਵੱਖ ਵੱਖ ਤਰ੍ਹਾਂ ਦੇ ਹੱਥਕੰਡੇ ਅਪਣਾਉਂਦੇ ਰਹਿੰਦੇ ਹਨ ਪਰ ਸਾਡੀ ਫੋਰਸ ਵੱਲੋਂ ਉਹਨਾਂ ਨੂੰ ਦਬੋਚਣ ਲਈ ਵੀ ਵੱਡੀ ਪੱਧਰ 'ਤੇ ਮੁਸਤੈਦੀ ਵਰਤੀ ਜਾਂਦੀ ਹੈ।

# ਸਾਮਰਾਜ ਦੀਆਂ ਅੱਥਰੀਆਂ ਲਾਲਸਾਵਾਂ: ਵੱਡਾ ਦੁਖਾਂਤ, ਹੀਰੋਸ਼ੀਮਾ ਅਤੇ ਨਾਗਾਸਾਕੀ ਮਨੁੱਖੀ ਤਬਾਹੀ ਦਾ !



ਜਗਦੀਸ਼ ਸਿੰਘ ਚੋਹਕਾ
001-403-285-4208,
ਕੈਲਗਰੀ (ਕੈਨੇਡਾ),
919217997445
(ਵਟਸ ਐਪ)

ਸਾਮਰਾਜੀਆਂ ਨੇ 77 ਵਰ੍ਹੇ ਪਹਿਲਾ ਮਨੁੱਖੀ ਇਤਿਹਾਸ ਅੰਦਰ, ਬਿਨ੍ਹਾ ਚਿਤਾਵਨੀ ਅਤੇ ਭੜਕਾਹਟ ਤੋਂ 6 ਅਗਸਤ ਅਤੇ 9 ਅਗਸਤ, 1945 ਨੂੰ ਜਾਪਾਨ ਦੇ ਦੋ ਸ਼ਹਿਰਾਂ, ਹੀਰੋਸ਼ੀਮਾ ਅਤੇ ਨਾਗਾਸਾਕੀ ਅੰਦਰ ਘੁੱਗ ਵੱਸਦੇ ਲੋਕਾਂ 'ਤੇ ਪ੍ਰਮਾਣੂ ਬੰਬ (ਐਟਮ ਬੰਬ) ਸੁੱਟ ਕੇ ਮਨੁੱਖੀ ਤਬਾਹੀ ਲਈ ਸਭ ਤੋ ਵੱਧ ਕਰੂਰਤਾ ਦਾ ਪ੍ਰਗਟਾਵਾ ਕਰਕੇ ਇੱਕ ਖ਼ੌਫਨਾਕ ਕੁਕਰਮ ਦਾ ਨਵਾਂ-ਇਤਿਹਾਸ ਸਿਰਜਿਆ । ਦੂਸਰੀ ਸੰਸਾਰ ਜੰਗ ਦਾ ਇਹ ਹੌਲਨਾਕ ਅੰਤ, ਸੰਸਾਰ ਅੰਦਰ ਗਰੀਬੀ ਦੇ ਖਾਤਮੇ, ਅਨਪੜ੍ਹਤਾ ਦੂਰ ਕਰਨ ਜਾਂ ਲੋਕਾਂ ਦਾ ਖੁਸ਼ਹਾਲੀ ਲਈ ਨਹੀਂ ਸਗੋਂ ਲੋਕਾਂ ਦੀ ਮੁਕਤੀ ਦਿਵਾਉਣ ਲਈ ਨਵੀ ਵੀ ਹੋਂਦ ਵਿੱਚ ਆਈ ਲੋਕ ਸ਼ਕਤੀ " ਰੂਸੀ ਸਮਾਜਵਾਦ " ਨੂੰ ਖਤਮ ਕਰਨ ਲਈ ਸੀ । ਪਰ ਅਮਲ ਵਿੱਚ ਦੁਨੀਆਂ ਅੰਦਰ ਵੱਖੋ ਵੱਖੋ ਰੂਪਾਂ ਵਿੱਚ ਪਨਪ ਰਹੀਆਂ ਸਾਮਰਾਜੀ ਸ਼ਕਤੀਆਂ ਵਲੋਂ ਲੁੱਟ ਲਈ ਮੰਡੀਆਂ ਦੀ ਭਾਲ ਅਤੇ ਕੱਚੇ ਮਾਲ 'ਤੇ ਕਬਜ਼ਾ ਕਰਨ ਲਈ ਇਹ ਜੰਗ ਸੀ। ਅੱਜ ਦੇ ਇਤਿਹਾਸਕਾਰ ਭਾਵੇ ਸਾਮਰਾਜ ਅਤੇ ਪੂੰਜੀਪਤੀਆਂ ਦੀ ਖੁਸ਼ਾਮਦੀ ਲਈ ਇਤਿਹਾਸ ਨੂੰ ਭੰਨਤੋੜ ਕੇ ਸਾਮਰਾਜੀ ਅਮਰੀਕਾ ਦੀ ਜਿੱਤ ਦਸ ਰਹੇ ਹਨ, ਪਰ! ਵਾਸਤਵਿਕ 'ਚ ਜਿੱਥੇ ਨਾਜੀਵਾਦ, ਫਾਸ਼ੀਵਾਦ ਅਤੇ ਰਾਜਾਸ਼ਾਹੀ ਦਾ ਖਾਤਮਾ ਹੋਇਆ ਉੱਥੇ ਸਮਾਜਵਾਦੀ ਰੂਸ ਜੋ ਇਕ ਮਜ਼ਬੂਤ ਲੋਕ ਪੱਖੀ ਬਲਾਕ ਬਣ ਕੇ ਉਭਰਿਆ,ਦੀਆਂ ਬਰਕਤਾਂ ਕਾਰਨ ਹੀ ਬਸਤੀਵਾਦੀ ਸਾਮਰਾਜੀਆਂ ਵਿਰੁੱਧ ਗੁਲਾਮ ਦੇਸ਼ਾਂ ਅਤੇ ਕੌਮਾਂ ਵੱਲੋਂ ਆਜ਼ਾਦੀ ਅਤੇ ਮੁਕਤੀ ਲਈ ਸੰਘਰਸ਼ ਵਿੱਢੇ ਗਏ । ਪਰ ਇਨ੍ਹਾਂ ਘਟਨਾਵਾਂ ਤੋਂ ਭੈਅ-ਭੀਤ, ਇਤਿਹਾਸਕਾਰਾਂ ਦੀਆਂ ਕਲਮਾ,ਸਮਾਜਵਾਦੀ ਰੂਸ ਦੀ ਕੁਰਬਾਨੀ , ਜਿਸਨੇ ਹਿਟਲਰ ਦੀ ਕਬਰ ਤਿਆਰ ਕੀਤੀ ਸੀ, ਦੂਸਰੀ ਸੰਸਾਰ ਜੰਗ ਦੌਰਾਨ ਪਾਸੇ ਪਲਟ ਦਿੱਤੇ ਸਨ, ਲਿਖਣ ਤੋਂ ਰੁੱਕ ਜਾਂਦੀਆਂ ਹਨ। ਸਾਮਰਾਜੀ ਸ਼ਕਤੀਆਂ ਅਤੇ ਧੜਿਆਂ ਦਾ ਮਨੁੱਖਤਾ ਵਿਰੋਧੀ ਜੰਗ ਦਾ ਕਹਿਰ,ਅੱਜ ਵੀ ਕਿਸੇ ਨਾ ਕਿਸੇ ਰੂਪ ਵਿੱਚ ਸੁਲਗ ਰਿਹਾ ਹੈ।ਕਰੋੜਾਂ ਮਨੁੱਖੀ ਜਾਨਾਂ ਨਿਗਲਣ ਤੋਂ ਬਾਦ ਵੀ ਇਹ ਰੁਕਿਆ ਨਹੀਂ ਹੈ। ਪੂੰਜੀਵਾਦ ਵੱਲੋਂ ਮੁਨਾਫਿਆਂ ਦੀ ਲੁੱਟ ਲਈ ਜੰਗ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਜਾਰੀ ਰੱਖਿਆ ਹੋਇਆ ਹੈ। ਦੁਨੀਆਂ ਭਰ ਵਿੱਚ ਅੱਜ ਨਾ ਤਾਂ ਹਿਟਲਰ ਹੈ, ਨਾ ਹੀ ਮੂਸੋਲਿਨੀ ਅਤੇ ਟੋਗੋ। ਸਮਾਜਵਾਦੀ ਰੂਸ ਵੀ ਟੁੱਟ ਗਿਆ ਹੈ। ਪਰ ਦੁਨੀਆਂ ਅੰਦਰ ਫੌਜੀ ਦਖਲ ਰਾਹੀ ਆਪਣੀ ਸਰਦਾਰੀ ਬਣਾ ਕੇ ਰੱਖਣ ਲਈ ਅਮਰੀਕੀ ਸਾਮਰਾਜ ਅਤੇ ਉਸਦੀ ਨਾਟੋ ਜੁੰਡਲੀ ਪੂਰੀ ਤਰ੍ਹਾ ਸਰਗਰਮ ਹੈ। ਹਰ ਰੋਜ਼ ਇਹ ਜੁੰਡਲੀ ਕਿਸੇ ਨਾ ਕਿਸੇ ਰੂਪ ਵਿੱਚ ਲੋਕਾਂ ਦਾ ਖ਼ੂਨ ਵਹਾਅ ਕੇ ਸਰਦਾਰੀ ਕਾਇਮ ਰੱਖ ਰਹੀ ਹੈ।ਮਿਡਲ ਈਸਟ, ਪੱਛਮੀ ਏਸ਼ੀਆਂ ਵਿੱਚ ਆਫਗਾਨਿਸਤਾਨ, ਇਰਾਕ ਅਤੇ ਲਿਬਿਆ, ਟੂਨੇਸ਼ੀਆ ਤੇ ਸੀਰੀਆ ਵਿੱਚ ਅਮਰੀਕਾ ਦੀ ਅਗਵਾਈ ਅਤੇ ਦਖਲ ਕਾਰਨ ਵਿਨਾਸ਼ਕਾਰੀ ਨਤੀਜੇ, ਜਿਨਾਂ ਕਾਰਨ ਇੱਕ ਵੱਡੀ ਗਿਣਤੀ ਵਿੱਚ ਜਾਨੀ ਅਤੇ ਮਾਲੀ ਬਰਬਾਦੀ ਹੋਈ ਹੈ। ਇਸ ਵਜਾ ਕਰਕੇ ਹੀ ਇਸਲਾਮਿਕ ਕੱਟੜਵਾਦ ਪੈਦਾ ਹੋਣ ਕਾਰਨ ਇਸਲਾਮਿਕ ਅੱਤਵਾਦ 'ਚ ਅਥਾਹ ਉਭਾਰ ਆਇਆ ਹੈ।ਅਮਰੀਕਾ ਅਤੇ ਨਾਟੋ ਫੌਜਾਂ ਅੱਜ ਵੀ ਲਾਤੀਨੀ-ਅਮਰੀਕਾ ਤੇ ਮੱਧ ਪੂਰਬ, ਪੱਛਮੀ-ਯੂਰਪੀ ਦੇਸ਼ਾ ਅੰਦਰ ਵਿਸਥਾਰਵਾਦ ਦੇ ਰਾਹ ਚਲਦਿਆਂ ਹੋਇਆਂ ਉੱਥੋਂ ਦੀਆਂ ਚੁਣੀਆਂ ਸਰਕਾਰਾ ਲਈ ਤਨਾਅ ਪੈਦਾ ਕਰਕੇ ਅਮਨ ਲਈ ਖਤਰਾ ਪੈਦਾ ਕਰ ਰਹੀਆ ਹਨ। ਅਮਰੀਕਾ ਦਾ ਏਸ਼ੀਆ ਉੱਤੇ ਧਿਆਨ ਕੇਂਦਰਿਤ ਕਰਨਾ ਅਤੇ ਇਸ ਤੇ ਚੱਲਦਿਆਂ ਹੋਇਆਂ ਉਸਦੇ ਯੁੱਧਨੀਤਕ ਅਤੇ ਫੋਜੀ ਪੈਤੜੇ,ਜਿਸਦਾ ਮਕਸਦ ਚੀਨ ਦੀ ਵੱਧਦੀ ਸ਼ਕਤੀ ਅਤੇ ਪ੍ਰਭਾਵ ਉੱਤੇ ਰੋਕ ਲਾਉਣਾ ਹੈ। ਏਸ਼ੀਆ ਅੰਦਰ ਤਨਾਅ ਪੈਦਾ ਕਰਨਾ ਹੈ। ਇਸ ਤਰ੍ਹਾ ਅਮਰੀਕਾ ਅੱਜ ਵੀ ਇਰਾਨ, ਲਤੀਨੀ ਅਮਰੀਕਾ, ਮੱਧ ਪੂਰਬ, ਏਸ਼ੀਆ, ਰੂਸ ,ਯੁਕਰੇਨ ਦੇ ਝਗੜੇ ਰਾਹੀ ਅਸਥਿਰਤਾ ਪੈਦਾ ਕਰਕੇ ਸੰਸਾਰ ਜੰਗ ਵਰਗੇ ਹਾਲਾਤ ਪੈਦਾ ਕਰਨ ਤੋਂ ਬਾਜ ਨਹੀ ਆ ਰਿਹਾ ਹੈ।

ਦੂਸਰੇ ਸੰਸਾਰ ਯੁੱਧ ਦੀ ਸ਼ੁਰੂਆਤ ਦਾ ਮੁੱਖ ਕਾਰਨ 1930 ਦਾ ਮੰਦਾ ਸੀ।ਸਾਮਰਾਜੀ ਦੇਸ਼ਾਂ ਵੱਲੋ ਨਵੀਆਂ ਮੰਡੀਆਂ ਦਾ ਭਾਲ ਅਤੇ ਆਪਸੀ ਖਿਹਿਬਾਜ਼ੀ ਨੇ ਉਕਸਾਹਟ ਨੂੰ ਜਨਮ ਦਿੱਤਾ। ਪਹਿਲੀ ਸੰਸਾਰ ਜੰਗ ਦੀ ਹਾਰ ਤੋਂ ਬਾਦ ਹਿਟਲਰ ਨਮੋਸ਼ੀ ਦੀ ਬਦਲਾ ਲੈਣਾ ਚਾਹੁੰਦਾ ਸੀ। ਦੋ ਧਰੁਵੀ ਹੋਂਦ ਲੈ ਕੇ ਸਾਹਮਣੇ ਆਇਆ ਸਮਾਜਵਾਦੀ ਰੂਸ,ਸਾਮਰਾਜੀਆਂ ਨੂੰ ਬਹੁਤ ਚੁੱਭ ਰਿਹਾ ਸੀ। ਉਹ ਇਸ ਨਿਜ਼ਾਮ ਨੂੰ ਖਤਮ ਕਰਨਾ ਚਾਹੁੰਦੇ ਸਨ। ਅਜਿਹੇ ਹਲਾਤਾਂ ਅੰਦਰ ਹਿਟਲਰ ਨੇ ਸਤੰਬਰ - 1939 ਨੂੰ ਪੋਲੈਂਡ ਤੇ ਹਮਲਾ ਕਰ ਦਿੱਤਾ। ਬਰਤਾਨੀਆਂ ਅਤੇ ਫਰਾਂਸ ਨੇ ਜਰਮਨ ਤੇ ਹਮਲਾ ਕਰ ਦਿੱਤਾ ਅਤੇ ਜੰਗ ਦੀ ਸ਼ੁਰੂਆਤ ਹੋ ਗਈ। ਮੂਲ ਰੂਪ ਵਿੱਚ ਜਾਪਾਨ ਦਾ ਪ੍ਰਸਾਰਵਾਦ, ਜਰਮਨ ਦਾ ਸਾਰੇ ਯੂਰਪ 'ਤੇ ਦਾਬਾ ਕਾਇਮ ਕਰਨ ਦੀ ਖਾਹਿਸ਼, ਇਟਲੀ ਤੇ ਗਰੀਸ ਦਾ ਅਫਰੀਕਾ ਤੇ ਕਬਜੇ ਜਮਾਈ ਰੱਖਣੇ, ਇਸੇ ਤਰ੍ਹਾ ਬਰਤਾਨੀਆਂ ਅਤੇ ਫਰਾਂਸ ਵੱਲੋਂ ਕਾਬਜ਼ ਕਲੋਨੀਆਂ ਦੀ ਲੁੱਟ ਜਾਰੀ ਰੱਖਣ ਦੀ ਲਾਲਸਾ ਨੇ ਧੁੱਖਦੀ ਜੰਗ ਤੇ ਤੇਲ ਪਾ ਕੇ ਭੜਾਬੇ ਸ਼ੁਰੂ ਕਰ ਦਿੱਤੇ। ਸਭ ਤੋਂ ਵੱਡਾ ਸਾਮਰਾਜੀ ਅਮਰੀਕਾ ਇਸ ਜੰਗ ਦੀ ਤਬਾਹੀ ਬਾਦ ਆਪਣੀ ਸਰਦਾਰੀ ਕਾਇਮ ਕਰਨ ਲਈ ਬਾਜ਼ ਦੀ ਅੱਖ ਵਾਂਗ ਨੀਝ ਲਾ ਕੇ ਬੈਠਾ ਸੀ ! ਇਹ ਜੰਗ 1-ਸਤੰਬਰ 1939 ਤੋਂ ਸ਼ੁਰੂ ਹੋ ਕ 2-ਸਤੰਤਬ 1945 ਤੱਕ ਜਾਰੀ ਰਹੀ। ਇਸ ਜੰਗ ਵਿੱਚ ਮੁੱਖ ਧੁਰਾ (ਐਕਸਿਸ) ਅਡੌਲਫ ਹਿਟਲਰ (ਜਰਮਨ) ਨਾਜੀਵਾਦ, ਬੇਨੀਟੋ ਮੁਸੋਲਿਨਾ(ਇਟਲੀ) ਫਾਸਿਸਟ ਅਤੇ ਹੀਦੋਕੀ ਟੋਜੋ(ਜਾਪਾਨ) ਰਾਜਸ਼ਾਹੀ ਸੀ ਅਤੇ ਇਸ ਦੇ ਵਿਰੁੱਧ ਸਾਮਰਾਜੀ ਲਾਣਾ-ਬਰਤਾਨੀਆਂ, ਫਰਾਂਸ, ਅਮਰੀਕਾ ਅਤੇ ਇਨ੍ਹਾ ਦੇ ਮਿੱਤਰ ਦੇਸ਼, ਜਿਨ੍ਹਾ ਨੂੰ ਇਤਹਾਦੀ (ਅਲਾਇਸ) ਕਿਹਾ ਜਾਦਾ ਸੀ, ਸਮਾਜਵਾਦੀ ਰੂਸ ਨੂੰ ਮਜਬੂਰੀ ਬਸ!ਇਸ ਜੰਗ ਵਿੱਚ ਸ਼ਾਮਿਲ ਹੋਣਾ ਪਿਆ ਕਿਉਕਿ ਜਰਮਨ ਅਤੇ ਰੂਸ ਵਿਚਕਾਰ ਜੰਗ ਨਾ ਕਰਨ ਦਾ ਸਮਝੌਤਾ (ਅਗਸਤ 1939) ਖੁਦ ਹੀ ਜਰਮਨ ਨੇ ਤੋੜ ਦਿੱਤਾ ਸੀ ? ਦੂਸਰੇ ਸੰਸਾਰ ਜੰਗ ਦਾ ਪਾਸਾ ਉਸ ਵੇਲੇ ਪਲਟ ਗਿਆ ਜਦ ਲਾਲ ਫੌਜ (ਰੈਡ ਆਰਮੀ) ਨੇ ਸਟਾਲਿਨ ਗ੍ਰਾਡ ਦਾ ਫੈਸਲਾਕੁੰਨ ਲੜਾਈ ਅੰਦਰ ਜਰਮਨ ਫੌਜਾਂ ਨੂੰ ਮੁੜਨ ਲਈ ਅਜਿਹਾ ਮਜ਼ਬੂਰ ਕੀਤਾ, ਕਿ ਜਰਮਨ ਫੌਜ਼ਾ ਨੇ ਹਾਰ ਮੰਨ ਲਈ ਅਤੇ ਲਾਲ ਫੌਜ ਨੇ ਰੀਚਸਟਾਂਗ ਤੇ ਲਾਲ ਝੰਡਾ ਲਹਿਰਾਅ ਦਿਤਾ। ਇਸ ਤਰ੍ਹਾ ਯੂਰਪ ਅੰਦਰ 8-ਮਈ, 1945 ਨੂੰ ਜਰਮਨ ਹਥਿਆਰ ਸੁਟ ਗਿਆ ਅਤੇ ਇੱਕ ਹਫਤੇ ਬਾਦ ਹੀ ਹਿਟਲਰ ਨੇ ਆਤਮ ਹੱਤਿਆ ਕਰ ਲਈ। ਹਾਲਾਤ ਤੇਜ਼ੀ ਨਾਲ ਜੰਗ ਦੇ ਖਾਤਮੇ ਵੱਲ ਵੱਧ ਰਹੇ ਸਨ। ਪਰ ਸਾਮਰਾਜੀ ਅਮਰੀਕਾ ਆਪਣੀ ਤਾਕਤ ਦੇ ਪ੍ਰਦਰਸ਼ਨ ਲਈ ਬਜ਼ਿਦ ਸੀ।24 ਜੁਲਾਈ 1945 ਨੂੰ ਹਾਰੇ ਹੋਏ ਜਰਮਨੀ ਦੇ ਸ਼ਹਿਰ ਪੋਟਬਡੈਮ ਵਿੱਚ ਟਰੂਮੈਨ ਨੇ ਸਟਾਲਿਨ ਨੂੰ ਦੱਸਿਆ ਕਿ ਸਾਡੇ ਪਾਸ ਤਬਾਹੀ ਦਾ ਇੱਕ ਗੈਰ-ਮਮੂਲੀ ਹਥਿਆਰ ਵੀ ਹੈ। ਅਗਲੇ ਦਿਨ ਉਸ ਨੇ ਇਸ ਦੀ ਵਰਤੋਂ ਦੇ ਫੁਰਮਾਨ 'ਤੇ ਦਸਤਖਤ ਕਰਕੇ ਜਨਰਲ ਸਪਾਜ਼ ਨੂੰ ਪ੍ਰਮਾਣੂ ਬੰਬ ਜਪਾਨ ਤੇ ਸੁੱਟਣ ਦੇ ਆਦੇਸ਼ ਦੇ ਦਿੱਤੇ। 26-ਜੁਲਾਈ 1945 ਨੂੰ ਜਾਪਾਨ ਨੂੰ ਬਿਨਾ ਸ਼ਰਤ ਹਥਿਆਰ ਸੁੱਟਣ ਦਾ ਅਲਟੀਮੇਟ ਦੇ ਕੇ ਤੁਰੰਤ ਹਥਿਆਰ ਸੁੱਟਣ ਜਾਂ ਸਿੱਟੇ ਭੁਗਤਣ ਲਈ ਵੀ ਕਹਿ ਦਿੱਤਾ ਗਿਆ ।





ਅਮੀਰਕਨ ਨੇਵੀ ਦੇ ਅੰਡਰ ਸੈਕਟਰੀ ਰੈਲਫ ਏ.ਬਾਰਡ ਨੇ 27-ਜੁਲਾਈ 1945 ਨੂੰ ਫਿਰ ਆਖਿਆ, ਕਿ ਬਿਨ੍ਹਾ ਵਾਰਨਿੰਗ ਦਿੱਤੇ ਬੰਬ ਨੂੰ ਵਰਤਣਾ ਅਮਰੀਕਾ ਜਿਹੀ ਮਾਨਵਵਾਦੀ ਕੌਮ ਲਈ ਉੱਚਿਤ ਨਹੀ , ਖਾਸ ਕਰਕੇ ਉਸ ਸਮੇਂ ਜਦੋ ਕਿ ਜਾਪਾਨ ਵੀ ਹਥਿਆਰ ਸੁੱਟਣ ਲਈ ਸੋਚ ਰਿਹਾ ਹੈ । ਅਗਲੇ ਦਿਨ ਜਿਲਾਰਡ ਨੇ ਟਰੂਮੈਨ ਨੂੰ ਮੁੜ ਪੱਤਰ ਲਿਖਿਆ, ਕਿ ਐਟਮ ਬੰਬ ਸ਼ਹਿਰਾਂ ਅਤੇ ਮਨੁੱਖਤਾ ਦੀ ਬੇਰਹਿਮ ਬਰਬਾਦੀ ਦਾ ਹਥਿਆਰ ਹੈ। ਤੁਸੀ ਆਦੇਸ਼ ਦਿਉ ਕਿ ਅਮਰੀਕਾ ਇਸਨੂੰ ਜੰਗ ਵਿੱਚ ਬਿਲਕੁੱਲ ਨਾ ਵਰਤੇ। ਇਸ ਪੱਤਰ ਦੀ ਕਾਪੀ ਉਸਨੇ ਓਕ-ਰਿਜ, ਲਾਸ-ਅਲਮਾਸ ਅਤੇ ਮੈਨ ਹਟਨ ਪ੍ਰੋਜੈਕਟ ਦੇ ਸਭ ਸਾਥੀਆਂ ਨੂੰ ਅਗਲੇ ਦਿਨ ਭੇਜੀ। ਸਭ ਨੂੰ ਬੰਬ ਦੀ ਵਰਤੋਂ ਦੇ ਸਿਲਸਿਲੇ ਵਿੱਚ ਨੈਤਿਕ ਸਟੈਂਡ ਲੈਣ ਲਈ ਵੰਗਾਰਿਆ। ਇਹ ਹੈ , ਇਸ ਦੀ ਬਰਬਾਦੀ ਦੀ ਕਹਾਣੀ ਦਾ ਅਧਿਆਏ । ਓਕ-ਰਿਜ ਦੇ 18 ਹੋਰ ਵਿਗਿਆਨੀਆਂ ਨੇ ਟਰੂਮੈਨ ਨੂੰ ਬੰਬ ਦੀ ਵਰਤੋਂ ਤੋਂ ਵਰਜਣ ਲਈ, 13- ਜੁਲਾਈ ਨੂੰ ਵੀ ਇਕ ਹੋਰ ਪੱਤਰ ਲਿਖਿਆ ਸੀ। 67-ਵਿਗਿਆਨੀਆਂ ਨੇ ਓਕ-ਰਿਜ ਤੋ ਮੁੜ ਟਰੂਮੈਨ ਨੂੰ ਬੰਬ ਦੀ ਵਰਤੋਂ ਕਰਨ ਤੋਂ ਪਹਿਲਾਂ ਇਸਦੀ ਤਾਕਤ ਦਾ ਪ੍ਰਗਟਾਵਾ ਉੱਚਿਤ ਤਰੀਕੇ ਨਾਲ ਕਰਨ ਲਈ ਕਿਹਾ, ਕਿ ਅੱਖਾਂ ਮੀਟ ਕੇ ਬੰਬ ਦਾ ਟੈਸਟ ਨਾ ਕੀਤਾ ਜਾਵੇ। ਅਖੀਰ ਮੈਨਹਟਨ ਪ੍ਰੋਜੈਕਟ ਦੇ 69-ਵਿਗਿਆਨੀਆਂ ਨੇ ਐਟਮ ਬੰਬ ਦੀ ਵਰਤੋਂ ਕਰਨ ਤੋਂ ਗਰੇਜ਼ ਕਰਨ ਲਈ ਕਿਹਾ, ਪਰ ਸਾਮਰਾਜੀ "ਮਨੁੱਖ -ਖਾਣੇ " ਬਾਜ਼ ਨਾ ਆਏ। 6 ਅਗਸਤ-1945, ਸਮਾਂ 8 ਵੱਜ ਕੇ 14 ਮਿੰਟ ਸਵੇਰ ਦਾ, ਹਵਾਈ ਹਮਲੇ ਦਾ ਅਲਾਰਮ ਵੱਜਦਾ ਹੈ। ਸ਼ਹਿਰ ਹੈ ਹੀਰੋਸ਼ੀਮਾ! ਥੋੜੇ ਜਹਾਜ਼ ਹੋਣ ਕਰਕੇ ਅਲਰਟ ਦੀ ਸਥਿਤੀ ਖ਼ਤਮ ਕਰ ਦਿੱਤੀ ਗਈ। ਸ਼ਹਿਰ! ਯਕਦਮ ਇਕ ਖੁੰਬ ਵਾਂਗ ਉੱਠੇ ਬੱਦਲਾਂ ਨਾਲ ਸੜਨ ਲੱਗ ਪਿਆ। ਅਮਰੀਕਾ ਦੇ ਬੀ-29 ਜਹਾਜ ਨੇ " ਛੋਟਾ ਬੱਚਾ " (ਲਿਟਲ ਬੁਆਏ) ਨਾਂ ਦਾ 15 ਕੇ.ਟੀ.(15000 ਟਨ ਟੀ.ਐਨ.ਟੀ) ਸਮਰਥਾ ਵਾਲਾ ਪ੍ਰਮਾਣੂ ਬੰਬ ਗੈਰ -ਫੌਜੀ ਇਲਾਕੇ 'ਤੇ ਸੁੱਟ ਕੇ ਦੁਨੀਆ ਅੰਦਰ ਨਵੇਂ ਢੰਗ ਨਾਲ ਤਬਾਹੀ ਕਰਕੇ ਇਕ ਬਹੁਤ ਹੀ ਬੇਸ਼ਰਮੀ ਵਾਲਾ ਇਤਿਹਾਸ ਸਿਰਜਿਆ । 4.7 ਵਰਗ ਮੀਲ ਦੇ ਘੇਰੇ ਅੰਦਰ ਪੂਰੀ ਤਬਾਹੀ, 90,000ਤੋਂ1,66,000 ਲੋਕਾਂ ਦੀ ਮੌਕੇ ਤੇ ਮੌਤ! ਅਜੇ ਸਿਵੇ ਠੰਢੇ ਵੀ ਨਹੀ ਹੋਏ ਸਨ ,ਕਿ 9-ਅਗਸਤ 1945 ਨੂੰ 11 ਵੱਜ ਕੇ 2 ਮਿੰਟ (ਸਵੇਰੇ) ਦੋ ਬੀ-29 ਜਹਾਜ਼ਾ ਨੇ ਉਹੀ ਭਾਣਾ ਨਾਗਾਸਾਕੀ ਤੇ ਵਰਤਾਅ ਦਿੱਤਾ! ਅੱਖਾਂ ਅੰਨੀਆ ਕਰਨ ਵਾਲੀ ਲਿਸ਼ਕਾਰ, 7-ਮਿੰਟ ਵਿੱਚ 12- ਕਿਲੋਮੀਟਰ ਉੱਚਾ ਰੇਡੀਆਈ ਬੱਦਲ ਉੱਚਾ ਉੱਠਿਆ। ਹਰ ਪਾਸੇ ਤਬਾਹੀ ਹੀ ਤਬਾਹੀ । ਇਨਾਂ ਦੋਨੋ ਥਾਵਾਂ ਤੇ ਬੰਬ ਸੁੱਟਣ ਵਾਲੀ ਟੀਮ'ਚ ਸ਼ਾਮਿਲ ਸੀ,'ਚਾਰਲਸ ਡਬਲਿਊ. ਸਵੀਨੀ ਜੋ ਪਾਗਲ ਹਾਲਤ ਵਿੱਚ 19 ਜੁਲਾਈ, 2004 ਨੂੰ ਮਰਿਆ। ਨਾਗਾਸਾਕੀ ਤੇ ਸੁੱਟੇ ਐਟਮ ਬੰਬ ਜਿਸ ਦਾ ਨਾਂ ਸੀ "ਮੋਟਾ ਆਦਮੀ " (ਫੈਟ ਮੈਨ) ਅਤੇ ਇਸਦਾ ਸਮਰੱਥਾ ਸੀ 21.ਕੇ.ਟੀ (21,000 ਟਨ ਟੀ.ਐਨ.ਟੀ.) ਜਿਸਨੇ 1.8 ਵਰਗ ਮੀਲ ਘੇਰੇ ਅੰਦਰ 60,000 ਤੋਂ 80,000 ਮਨੁੱਖੀ ਜਾਂਨਾ ਦਾ ਖੋਅ ਕੀਤੀ। ਮੌਤਾਂ ਦੀ ਘੱਟ ਗਿਣਤੀ ਦਾ ਕਾਰਨ,'ਕਿ ਬਹੁਤ ਸਾਰੇ ਲੋਕ ਪਹਿਲਾਂ ਹੀ ਸ਼ਹਿਰੋਂ ਬਾਹਰ ਜਾ ਚੁੱਕੇ ਸਨ! ਦੂਸਰੀ ਸੰਸਾਰ ਜੰਗ ਪਿਛਲੇ ਲੜੇ ਗਏ ਜੰਗਾਂ ਵਿੱਚੋਂ 20 ਵੀਂ ਸਦੀ ਦੀ ਸਭ ਤੋਂ ਵੱਧ ਬੇਕਿਰਕ ਅਤੇ ਤਬਾਹੀ ਕੁੰਨ ਸੀ। ਇਸ ਜੰਗ ਵਿੱਚ ਸੋਵੀਅਤ ਯੂਨੀਅਨ (ਸਾਬਕਾ ਯੂ.ਐਸ.ਐਸ. ਆਰ.) ਦਾ ਸਭ ਤੋਂ ਵੱਧ ਜਾਨੀ ਨੁਕਸਾਨ ਹੋਇਆਂ। ਇੱਕ ਅਨੁਮਾਨ ਅਨੁਸਾਰ ਰੂਸ ਦੇ 2.5 ਕਰੋੜ, ਚੀਨ-1.5 ਕਰੋੜ, ਜਰਮਨ-80 ਲੱਖ,ਪੋਲੈਡ-57.20 ਲੱਖ, ਡੱਚ-35 ਲੱਖ, ਜਾਪਾਨ-28.70 ਲੱਖ, ਗੁਲਾਮ ਭਾਰਤ-20.87 ਲੱਖ, ਫਰੈਂਚ ਇੰਡੋਚੀਨ- 16 ਲੱਖ,ਫਰਾਂਸ-5.50 ਲੱਖ, ਇਟਲੀ 4.54 ਲੱਖ, ਯੂਨਾਨ-5.63 ਲੱਖ, ਕੈਨੇਡਾ-45 ਹਜ਼ਾਰ, ਆਸਟ੍ਰੇਲੀਆਂ-40 ਹਜ਼ਾਰ, ਬਰਤਾਨੀਆਂ-4.50 ਲੱਖ ਅਮਰੀਕਾ-4.18 ਲੱਖ, ਕੁੱਲ ਮੌਤਾਂ-7.24,68,000,'ਜਿਨ੍ਹਾ ਵਿੱਚੋਂ 2,36,37,900- ਫੌਜੀ ਅਤੇ 3,38,33,000 ਆਮ ਜਨਤਾ ਤੇ 59,07,900-ਯਹੂਦੀ ਮਾਰੇ ਗਏ। ਤਬਾਹੀ ਕੁਦਰਤੀ ਆਫਤਾਂ, ਨਾਲ ਅਤੇ ਬਿਮਾਰੀਆਂ ਕਾਰਨ 1.95 ਕਰੋੜ ਤੋਂ 2.50 ਕਰੋੜ ਮੌਤਾਂ ਹੋਈਆਂ। ਉਸ ਵੇਲੇ ਦੁਨੀਆਂ ਦੀ ਆਬਾਦੀ ਦਾ 2.30 ਅਰਬ ਸੀ 61 ਦੇਸ਼ ਸ਼ਾਮਿਲ ਸਨ। 50 ਫੀਸਦ ਸਿਵਲੀਅਨ ਮੌਤਾਂ 'ਚ ਇਸਤਰੀਆਂ ਅਤੇ ਬੱਚੇ ਸਨ। ਦੁਨੀਆਂ ਦੀ 1.7 ਅਰਬ ਆਬਾਦੀ ਪ੍ਰਭਾਵਤ ਹੋਈ। ਰੂਸ ਅੰਦਰ 1923 ਬਾਦ ਜੰਮੇ ਰੂਸੀਆਂ ਵਿੱਚੋਂ 1945 ਬਾਦ 20 ਫੀਸਦ ਹੀ ਬਚੇ, ਜਦ ਕਿ 80 ਫੀਸਦ ਇਸ ਜੰਗ ਦਾ ਭੇਂਟ ਹੋ ਗਏ। ਕਿੰਨੀ ਭਿਆਨਕ ਅਤੇ ਤਬਾਹੀ ਕੁੰਨ ਸੀ ਇਹ ਜੰਗ ।

ਭਾਵੇਂ ਵਿਗਿਆਨੀ ਆਈਨ ਸਟਾਈਨ ਅਤੇ ਜ਼ਿਲਾਰਡ, ਜਿਨਾਂ ਆਪ ਰੂਜ਼ ਵੈਲਟ ਨੂੰ ਬੰਬ ਬਣਾਉਣ ਲਈ ਪੱਤਰ ਲਿਖਿਆਂ ਸੀ,ਪਰ ਬਾਦ ਵਿੱਚ ਇਸ ਦੀ ਤਬਾਹੀ ਨੂੰ ਸਮਝਦੇ ਹੋਏ ਇੱਕ ਨਵਾਂ ਪੱਤਰ ਲਿਖ ਕੇ ਇਸਦੀ ਤਿਆਰੀ ਅਤੇ ਵਰਤੋਂ ਦੇ ਰਾਹ ਦਾ ਸਖਤ ਵਿਰੋਧਤਾ ਕੀਤੀ ਸੀ । ਇੱਕ ਪਾਸੇ ਜਨਰਲ ਗਰਵਜ਼ ਟਰੂਮੈਨ,ਐਟਲੀ ਅਤੇ ਉਨ੍ਹਾ ਦਾ ਗੁਮਾਸ਼ਤਾ ਚਿਆਂਗਾ ਕਾਈ ਸ਼ੈਕ ਸੀ,ਜੋ ਅਮਰੀਕੀ ਤਾਕਤ ਅਤੇ ਦਾਬੇ ਨੂੰ ਦਿਖਾਉਣ ਲਈ ਪੂਰੇ ਪਾਗਲ ਬਣੇ ਹੋਏ ਸਨ। ਦੂਸਰੇ ਪਾਸੇ " ਉਪਨਹੀਮਰ " ਦੀ ਟਾਰਗੈਟ ਕਮੇਟੀ ਨੇ 10 ਤੇ 11 ਮਈ ਦਾ ਮੀਟਿੰਗ ਵਿੱਚ ਐਟਮ ਬੰਬ ਦਾ ਬਿਹਤਰੀਨ ਵਰਤੋਂ ਦੀ ਸਿਫਾਰਿਸ਼ ਕੀਤੀ ਸੀ। ਜਦ ਕਿ ਦੂਸਰੇ ਪਾਸੇ 11 ਜੂਨ ਨੂੰ ਫਰੈਂਕ ਦਾ ਰਿਪੋਰਟ, ਜਿਸ ਵਿੱਚ ਦੁਨੀਆਂ ਭਰਦੇ ਚੋਣਵੇਂ ਵਿਗਿਆਨੀਆਂ ਨੇ ਇਹ ਕਿਹਾ,ਕਿ ਕਿਸੇ ਮਾਰੂਥਲ ਜਾਂ ਉਜਾੜ ਟਾਪੂ'ਚ ਇਸਦਾ ਟੈਸਟ ਕਰਕੇ ਪਹਿਲਾ ਵਿਖਾਉ ਪਰ "ਫਰੈਂਕ" ਦੀ ਰੀਪੋਰਟ ਨੂੰ ਕਿਸੇ ਨਹੀ ਸੁਣਿਆਂ। 1945 ਤੱਕ ਜਰਮਨ ਪਾਸ ਕੋਈ ਐਟਮ ਬੰਬ ਨਹੀ ਸੀ,ਫਿਰ ਡਰ ਕਿਸਦਾ ਸੀ? ਸਾਮਰਾਜੀ ਅਮਰੀਕਾ ਅਤੇ ਉਸਦੇ ਜੁੰਡੀ ਯਾਰ ਇੰਗਲੈਂਡ ਨੇ,10 ਵਿਗਿਆਨੀ ਜਿਨ੍ਹਾਂ ਵਿੱਚ ਨੋਬਲ ਇਨਾਮ ਜੇਤੂ, ਹਾਈਜਨ ਬਰਗ, ਸੀ ਔਟੋਹਾਨ, ਸੀ.ਮੈਕਸ(ਹਾਈਜਨ ਬਰਗ ਦਾ ਸਾਥੀ) ਨੂੰ ਕੈਦ ਕਰ ਰੱਖਿਆ। ਉਨ੍ਹਾਂ ਪਾਸੋ ਆਈਨ ਸਟਾਈਨ ਦੇ ਸਿਧਾਂਤ ਈ = ਐਮ.ਸੀ. ਸੁਕੇਅਰ (-2) ਨੂੰ ਅਮਲੀ ਰੂਪ ਦੇਣ ਲਈ ਪਹਿਲਾ ਇੰਗਲੈਂਡ ਦੇ ਫਾਰਮ ਹਾਲ 'ਚ 1945 ਨੂੰ ਕੈਂਦ ਰੱਖਿਆਂ। 24 ਅਪ੍ਰੈਲ ਤੋ 3 ਮਈ 1945,ਵਰਸੇਲਜ, ਫਿਰ " ਲੀ-ਵੇਜੀ ਨੇ(ਫਰਾਂਸ), ਹਾਈ (ਬੈਲਜੀਅਮ) ਵਿੱਚ ਕੈਦ ਰੱਖ ਕੇ ਐਟਮ ਬੰਬ ਦੀ ਪ੍ਰਕਿਰਿਆਂ ਨੂੰ ਮੁਕੰਮਲ ਕਰਾਇਆ। ਫਾਰਮ ਹਾਲ ਵਿੱਚ ਔਟੇਹਾਨ, ਹਾਈਜਨ ਬਰਗ, ਮੈਕਸ ਲਾਓ, ਡਬਲਿਓ ਗਰਲੈਕ, ਪੀ.ਹਾਰਟੈਕ,ਕੇ.ਡੀਥਨਰ, ਈ.ਬੈਗੇ, ਐਚ ਕਰੋਸਿੰਗ, ਕਾਰਲ ਵਾਈਜੈਕਰ, ਕੇ.ਵਰਟਜ਼ ਦੀ ਟੀਮ ਸੀ,'ਜਿਨ੍ਹੰਾਂ ਨੇ ਮਨੁੱਖਤਾ ਦੇ ਸਭ ਤੋਂ ਵੱਡੇ ਕਾਤਲ ਐਟਮ ਬੰਬ ਨੂੰ ਤਿਆਰ ਕੀਤਾ ਸੀ ਅਤੇ ਇਨ੍ਹਾਂ ਦੀ ਰਿਹਾਈ 3-ਜਨਵਰੀ 1946 ਨੂੰ ਹੋਈ।

ਅਸਲ ਵਿੱਚ ਹੀਰੋਸ਼ੀਮਾ ਅਤੇ ਨਾਗਾਸਾਕੀ ਦਾ ਇਹ ਦੁਖਾਂਤ ਸਾਮਰਾਜੀ ਅਮਰੀਕਾ ਅਤੇ ਉਸਦੇ ਭਾਈਵਾਲ ਇੰਗਲੈਂਡ, ਫਰਾਂਸ ਆਦਿ ਦੇਸ਼ਾਂ ਦਾ ਹਾਕਮਾਂ ਦੀ ਕਰੂਰਤਾਂ ਦਾ ਇੱਕ ਬਹੁਤ ਹੀ ਦਰਦਨਾਕ ਕਹਾਣੀ ਹੈ। ਐਟਮ ਬੰਬ ਦਾ ਤਿਆਰੀ ਲਈ ਮੈਨ ਹਟਨ ਪ੍ਰੋਜੈਕਟ ਵਿੱਚ ਕੰਮ ਕਰਨ ਵਾਲੇ ਵਿਗਿਅਨੀਆਂ ਨੂੰ ਸੈਨਿਕ ਅਫਸਰਾਂ ਅਤੇ ਸਿਆਸਤਦਾਨਾਂ ਨੇ ਇਹੀ ਡਰ ਪਾਈ ਰੱਖਿਆ ਕਿ,ਇਹ ਬੰਬ ਦੁਨੀਆਂ ਅੰਦਰ ਅਮਨ ਅਤੇ ਸ਼ਾਂਤੀ ਦੀ ਰੱਖਿਆ ਲਈ ਜਰੂਰੀ ਹੈ ! ਜਦਕਿ ਅਮਰੀਕਾ ਵੱਲੋਂ ਨਵੰਬਰ 1944 ਨੂੰ "ਸਟਰਾਸ ਬਰਮ" ਤੋਂ ਗੁਪਤ ਦਸਤਾਵੇਜ਼ ਫੜੇ ਗਏ ਸਨ, 'ਤੋਂ ਪਤਾ ਚਲ ਗਿਆ ਸੀ ਕਿ ਜਰਮਨ ਪਾਸ ਨਾ ਯੂਰੇਨੀਅਮ-235 ਦੇ ਨਿਖੇੜ ਲਈ ਫੈਕਟਰੀ ਅਤੇ ਨਾ ਰੀ-ਐਕਟਰ ਸੀ । ਇਸੇ ਤਰ੍ਹਾਂ ਜਾਪਾਨ ਪਾਸ ਵੀ ਅਜਿਹੀ ਕੋਈ ਸੰਭਾਵਨਾ ਸੀ । ਅਸਲ ਸਾਮਰਾਜ ਸ਼ੁਰੂ ਤੋਂ ਸੰਸਾਰ ਸਰਦਾਰੀ ਲਈ ਯਤਨਸ਼ੀਲ ਸੀ। ਖਤਰਾ ਸਮਾਜਵਾਦੀ ਰੂਸ ਤੋਂ ਸੀ, ਜੋ ਇਕ ਤੇਜ਼ੀ ਨਾਲ ਲੋਕ ਸ਼ਕਤੀ ਵੱਲ ਵੱਧ ਰਿਹਾ ਸੀ । ਦੂਸਰੇ ਸੰਸਾਰ ਯੁੱਧ ਬਾਦ ਪਹਿਲਾ ਸਬਕ ਜੋ ਅਸੀਂ ਸਿਖਿਆ ਹੈ,ਕਿ ਵਿਗਿਆਨ ਦੀ ਵਰਤੋਂ ਮਨੁੱਖੀ ਹਿਤਾਂ ਨਾਲੋਂ ਮਨੁੱਖਤਾ ਦੀ ਤਬਾਹੀ ਅਤੇ ਸਰਵਨਾਸ਼ ਵਾਸਤੇ ਵਧੇਰੇ ਹੋ ਰਹੀ ਹੈ । ਪਰ ਦੁਨੀਆ ਨੂੰ ਤਬਾਹ ਕਰਕੇ ਹੀ ਕੋਈ ਤਾਨਾਸ਼ਾਹ ਖੁਦ ਜਿਊਂਦਾ ਰਹਿ ਸਕੇਗਾ । ਉਹ ਕਿਹੜੇ ਲੋਕਾਂ ਤੇ ਫਿਰ ਸਰਦਾਰੀ ਕਰੇਗਾ ? ਸਮਾਜਵਾਦੀ ਰੂਸ ਦੇ ਟੁੱਟਣ ਦੇ ਬਾਦ ਇਕ ਧਰੁਵੀ ਦੁਨੀਆਂ ਨੇ ਹੁਣ ਪਿਛਲੇ 28-ਸਾਲਾਂ ਅੰਦਰ ਸਾਮਰਾਜੀਆਂ ਹੱਥੋ ਲੋਕਾਂ ਦੀ ਹੋ ਰਹੀ ਬਰਬਾਦੀ ਦੇਖ ਲਈ ਹੈ। ਅੱਜ ਲੋੜ ਹੈ! ਸੰਸਾਰ ਅਮਨ, ਸੀ.ਟੀ.ਬੀ.ਟੀ. ਅਤੇ ਐਨ.ਪੀ.ਟੀ. ਨੂੰ ਸਖ਼ਤੀ ਨਾਲ ਲਾਗੂ ਕਰਕੇ ਸਾਰੇ ਪ੍ਰਮਾਣੂ ਹਥਿਆਰਾਂ ਨੂੰ ਖਤਮ ਕਰਨ ਲਈ ਇਕ ਲਹਿਰ ਚਲਾਉਣ ਦੀ । ਕੁਦਰਤੀ ਸੋਮਿਆਂ ਦੀ ਲੁੱਟ-ਖਸੁੱਟ ਕਰਕੇ ਮੁਨਾਫੇ ਕਮਾਉਣ ਦੀ ਦੌੜ ਨੇ, ਅੱਜ ਮਨੁੱਖੀ ਸੱਭਿਅਤਾ ਲਈ ਬਹੁਤ ਵੱਡਾ ਖਤਰਾ ਪੈਦਾ ਕਰ ਦਿੱਤਾ ਹੈ । ਖੁਸ਼ਹਾਲੀ ਘੱਟ ਰਹੀ ਹੈ, ਬ੍ਰਹਿਮੰਡ ਫੈਲ ਰਿਹਾ ਹੈ ਅਤੇ ਮਨੁੱਖਤਾ ਸੁੰਗੜ ਰਹੀ ਹ । ਇਸ ਸਾਰੇ ਵਰਤਾਰੇ ਅਤੇ ਗੁਨਾਹਾਂ ਲਈ ਜ਼ਿੰਮੇਵਾਰ ਸਮਾਰਾਜ ਅਤੇ ਸਾਮਰਾਜੀ ਸ਼ਕਤੀਆ ਨੂੰ ਪਛਾਣ ਕੇ, ਉਨ੍ਹਾਂ ਵਿਰੁਧ ਇਕ ਦ੍ਰਿੜਤਾ ਨਾਲ ਸੰਘਰਸ਼ ਕਰਨ ਦੀ ਮੁੱਖ ਲੋੜ ਹੈ । ਜੇਕਰ ਅਵੇਸਲੇ ਰਹੇ ਤਾਂ ਇਹ ਕਰੂਰਤਾਂ ਵਾਲੀ "ਸੁਨਾਮੀ" ਤੋਂ ਅਸੀਂ ਕਦੀ ਵੀ ਬਚ ਨਹੀਂ ਸੱਕਾਂਗੇ । ਵਿਗਿਆਨ ਦੀ ਵਰਤੋਂ ਮਨੁੱਖੀ ਹਿਤਾਂ ਲਈ ਕਰਨ ਵਾਸਤੇ ਇਕ ਵੱਡੀ ਲਹਿਰ ਦੀ ਲੋੜ ਹੈ ।ਵਿਗਿਆਨ ਖੁਸ਼ੀਆਂ ਅਤੇ ਖੁਸ਼ਹਾਲੀ ਵੰਡਣ ਵਾਲਾ ਹੋਣਾ ਚਾਹੀਦਾ ਹੈ, ਨਾ ਕਿ ਤਬਾਹੀ ਵਾਲੀ ਮਨੁੱਖੀ ਬਰਬਾਦੀ ਵਾਲਾ ਹੋਵੇ । ਅਸਲ ਵਿੱਚ ਹੀਰੋਸ਼ੀਮਾ ਅਤੇ ਨਾਗਾਸਾਕੀ ਦਾ ਦੁਖਾਂਤ ਸਾਡੀਆਂ ਕਲਪਨਾਵਾਂ ਤੋਂ ਵੀ ਕਈ ਗੁਣਾ ਵੱਡਾ, ਖਤਰਨਾਕ ਅਤੇ ਕਰੂਰ ਹੈ। ਅੱਜ ਵੀ ਉਥੇ ਜਾਕੇ ਤੁਸੀ "ਸ਼ਾਂਤੀ-ਮਿਊਜ਼ੀਅਮ ਹੀਰੋਸ਼ੀਮਾ" ਅੰਦਰ, ਉਨ੍ਹਾਂ ਮਨਹੂਸ ਪਲਾਂ 'ਚ ਜਦੋਂ ਸਵੇਰ ਦੇ 8-ਵੱਜ ਕੇ 14-ਮਿੰਟ 'ਤੇ ਘੜੀ ਦੀਆਂ ਰੁਕੀਆਂ ਸੂਈਆਂ ਅਤੇ ਸਾਰਾ ਮਨੁੱਖੀ ਜੀਵਨ ਤੈਹਿਸ-ਨੈਹਿਸ ਹੋ ਗਿਆ ਸੀ, ਦੀ ਤਬਾਹੀ ਨੂੰ ਦੇਖ ਸਕਦੇ ਹੋ ! ਨੰਨ੍ਹੇ-ਮੁੰਨ੍ਹੇ ਸਕੂਲੀ ਬੱਚਿਆਂ ਦੇ ਪਿਘਲੇ ਹੋਏ ਲੰਚ-ਬਕਸ, ਝੁਲਸੀਆਂ ਸੜੀਆਂ ਪਾਣੀ ਦੀਆਂ ਬੋਤਲਾਂ ਹੋਰ ਨਿਕ-ਸੁਕ ਅੱਜ ਵੀ ਤਬਾਹੀ ਦੀ ਮੂੰਹ ਬੋਲਦੀ ਤਸਵੀਰ ਸਾਨੂੰ ਜੰਗ ਤੋਂ ਨਫਰਤ ਕਰਨ ਲਈ ਪੁਕਾਰ ਰਹੀ ਹੈ। ਬੇ-ਅਸੂਲੇ "ਪੋਟਸਡੈਮ ਡੈਕਲੇਚੇਸ਼ਨ" ਜਿਸ ਰਾਹੀਂ ਜਾਪਾਨ ਨੂੰ ਫੋਰਮ ਹਥਿਆਰ ਸੁੱਟਣ ਦਾ ਅਲਟੀਮੇਟਮ ਦਿੱਤਾ ਸੀ, ਜਦ ਕਿ ਜਾਪਾਨੀ ਜਰਮਨ ਦੀ ਹਾਰ ਬਾਦ ਇੱਜ਼ਤਦਾਰ ਰਾਹ ਲੱਭਣ ਲਈ ਸੋਚ ਰਹੇ ਸਨ, ਕਿ ਹਥਿਆਰ ਸੁੱਟ ਦਿੱਤੇ ਜਾਣ ! ਪਰ ਇਸ ਤੋਂ ਪਹਿਲਾਂ ਹੀ ਇਹ ਕਾਰਾ ਵਰਤ ਗਿਆ।ਦੂਜੀ ਸੰਸਰ ਜੰਗ ਤੋ ਬਾਦ ਵੀ ਸਾਮਰਾਜ ਬਾਜ਼ ਨਹੀਂ ਅਇਆ। ਕੋਰੀਆ ਜੰਗ (1950-53), ਵੀਤਨਾਮ ਯੁੱਧ (1955-1975), ਅਫਗਾਨਿਸਤਾਨ ਜੰਗ (1979-ਜਾਰੀ), ਇਰਾਕ ਜੰਗ (2003-ਜਾਰੀ ਹੈ), ਲੀਬੀਆ, ਟਿਊਨੀਸ਼ੀਆ, ਸੀਰੀਆ, ਰੂਸ-ਯੂਕਰੇਨ ਜੰਗ, ਚੁਣੀਆਂ ਸਰਕਾਰਾਂ ਦੇ ਤਖਤੇ ਪਲਟਾਉਣੇ, ਫੌਜੀ ਬਗਾਵਤਾਂ ਸਭ ਲਈ ਸਾਮਰਾਜ ਜਿੰਮੇਵਾਰ ਹੈ। ਇਸ ਸੰਸਾਰ ਬੇਚੈਨੀ ਤੋਂ ਵੀ ਅਮਰੀਕਾ ਬਰੀ ਨਹੀਂ ਹੋ ਸਕਦਾ।

ਅੱਜ ! ਦੁਨੀਆਂ ਅੰਦਰ ਨੰਗ-ਭੁੱਖ ਦੇ ਖਾਤਮੇ ਵਾਂਗ ਵੀ ਵੱਡਾ ਮੱਸਲਾ ਅਮਨ ਦਾ ਹੈ। ਸਾਨੂੰ ਜੰਗ ਨਹੀ; ਅਮਨ ਲਈ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ! ਹੀਰੋਸ਼ੀਮਾ 'ਚ ਐਟਮ ਬੰਬ ਨਾਲ ਇਕ ਨਹੀਂ ਹਜ਼ਾਰਾਂ-ਲੱਖਾਂ ਨੰਨ੍ਹ-ਮੁੰਨੇ ਬੱਚੇ ਮਾਰੇ ਗਏ ਸਨ । ਉਨ੍ਹਾਂ 'ਚ ਇਕ ਬੱਚੀ ਦੀ ਰੂਹ (ਅਨੇਕਾਂ ਦੀ) ਸਾਡੇ ਸਭ ਤੋਂ ਇਹ ਮੰਗ ਕਰਦੀ ਹੈ ! ਜੰਗ ਨਹੀ; ਅਮਨ ਚਾਹੀਦਾ ਹੈ !!!

*ਇਕ ਨੰਨ੍ਹੀ-ਮੁੰਨ੍ਹੀ ਮੋਈ ਬਾਲੜੀ*
*ਦੀ ਰੂਹ ਦੀ ਪੁਕਾਰ !*
*ਲੋਕੋ! ਮੈਂ ਤੁਹਾਡੇ ਦਰ 'ਤੇ ਇਕ*
*ਦਸਤਕ ਦੇ ਰਹੀ ਹਾਂ,*
*ਖੌਰੇ ਕਿੰਨੇ ਬਾਰੀ ਮੈਂ ਤੁਹਾਡੇ ਬੂਹੇ*
*ਖੜਕਾਂ ਆਈ ਹਾਂ*
*ਪਰ ਤੁਸੀਂ ਮੈਨੂੰ (ਰੂਹ) ਦੇਖ ਨਹੀਂ*
*ਸਕਦੇ ਹੋ !*
*ਕਿਉਂ ਕਿ ਮੋਏ ਹੋਏ ਬਾਲ ਦੁਨੀਆਂ*
*ਤੋਂ ਅ-ਦ੍ਰਿਸ਼ਟ ਹੋ ਜਾਂਦੇ ਹਨ,*
*ਮੈਨੂੰ ਅਤੇ ਮੇਰੇ ਸਾਥੀਆਂ ਨੂੰ*
*ਹੀਰੋਸ਼ੀਮਾ 'ਚ 'ਲਿਟਲ ਬੌਏ' ਨੇ*
*ਸੁਆਹ ਬਣਾ ਦਿੱਤਾ ਸੀ ।*
*ਉਦੋਂ ਮੈਂ ਅੱਜੇ 7-ਸਾਲ ਦੀ ਇਕ*
*ਬਾਲੜੀ ਹੀ ਸਾਂ।*
*ਇਹ ਵੀ ਸੱਚ ਹੈ ਕਿ ਮੋਏ ਹੋਏ*
*ਬਾਲ ਵੱਡੇ ਨਹੀਂ ਹੁੰਦੇ !*
*ਇਕ ਲਿਸ਼ਕਾਰੇ ਨਾਲ ਬੰਬ ਫੁੱਟਿਆ*
*ਮੇਰੇ ਵਾਲ ਸੜੇ,*
*ਫਿਰੇ ਮੇਰੇ ਦੀਦੇ ਫੁੱਟ ਕੇ ਬਾਹਰ*
*ਆ ਗਏ !*
*ਮੁੜ ਮੈਂ ਇਕ ਸੁਆਹ ਦੀ ਮੁੱਠੀ*
*ਬਣ ਗਈ,*
*ਪੌਣਾਂ ਵੱਗੀਆਂ ਮੇਰੀ ਸੁਆਹ ਵੀ*
*ਖਿੰਡ ਗਈ!*
*ਸਾਨੂੰ ਆਪਣੇ ਲਈ ਕੁਝ ਨਹੀਂ*
*ਚਾਹੀਦਾ,*
*ਕਿਉਂਕਿ ਬੰਬਾਂ ਨਾਲ ਸੜ ਕੇ ਮੋਏ*
*ਬਾਲ ਮਠਿਆਈਆਂ ਨਹੀ ਖਾ ਸਕਦੇ*
*!*
*ਮੇਰੇ ਅੱਗੇ ਪਿਛੇ ਨੰਨ੍ਹੇ-ਮੁੰਨ੍ਹੇ,*
*ਜਵਾਨ, ਬੁੱਢੇ, ਔਰਤਾਂ-ਮਰਦ,*
*ਅਸੀਂ ਸਾਰੇ ਤੁਹਾਡੇ ਹਸਤਾਖਰ ਤੇ*
*ਹਮਦਰਦੀ ਲੈਣ ਆਏ ਹਾਂ !*
*ਤਾਂ ਜੋ ਮੁੜ ਇੰਝ ਕਦੇ ਬਾਲ ਨਾ*
*ਮਰਨ,*
*ਉਹ ਖੇਡਣ-ਮੱਲਣ ਅਤੇ*
*ਮਠਿਆਈਆਂ ਖਾਂਦੇ ਰਹਿਣ !*
*ਇਹ ਸੰਸਾਰ ਸਾਡੇ ਨਾਲ ਹੀ*
*ਰੱਸਦਾ-ਵੱਸਦਾ ਰਹਿ ਸਕਦਾ ਹੈ!*
*ਜੰਗ ਨਹੀ; ਬਸ ! ਅਮਨ ਨਾਲ !!!*
*ਅਮਨ ਨਾਲ !!!*
*(ਨਾਜ਼ਿਮ ਹਿਰਮਤ-ਟੁਰਕੀ)*

# ਕੰਨ ਕੰਧਾਂ ਦੇ ਨਹੀਂ ਗੁਆਂਢੀਆਂ ਦੇ ਹੁੰਦੇ ਹਨ

-ਨੂਰ ਸੰਤੋਖਪੁਰੀ

ਕੰਨ ਕੰਧਾਂ ਦੇ ਨਹੀਂ ਹੁੰਦੇ, ਗੁਆਂਢੀਆਂ ਦੇ ਹੁੰਦੇ ਹਨ ਅਤੇ ਉਹ ਕੰਧਾਂ ਨਾਲ ਕੰਨ ਲਾ ਕੇ ਤੁਹਾਡੀ ਹਰ ਗੱਲ ਸੁਣਨ ਦੀ ਕੋਸ਼ਿਸ਼ ਕਰਦੇ ਹਨ। ਤੁਹਾਡੇ ਘਰ ਕਿਸੇ ਦਾਲ ਸਬਜ਼ੀ ਨੂੰ ਲਾਏ ਤੜਕੇ ਦੀ ਖੁਸ਼ਬੋ, ਭੁੰਨੇ ਜਾਂਦੇ ਮੀਟ ਮੁਰਗੇ ਦੀ ਮਹਿਕ ਜਾਂ ਰਿੰਨ੍ਹੇ ਜਾਂਦੇ ਵਧੀਆ ਕਿਸਮ ਦੇ ਬਾਸਮਤੀ ਚੌਲਾਂ ਦੀ ਖੁਸ਼ਬੋ ਕੰਧਾਂ ਟੱਪ ਕੇ ਤੁਹਾਡੇ ਗੁਆਂਢੀਆਂ ਤੱਕ ਸੌਖਿਆਂ ਪਹੁੰਚ ਜਾਂਦੀ ਹੈ। ਗੱਲਾਂ ਗੱਲੋੜੀਆਂ ਦੀ ਕੰਨਸੋਅ ਲੈਣ ਵਾਸਤੇ ਉਨ੍ਹਾਂ ਨੂੰ ਕੰਧਾਂ ਨਾਲ ਕੰਨ ਲਾਉਣੇ ਪੈਂਦੇ ਹਨ। ਖੰਭਾਂ ਦੀਆਂ ਡਾਰਾਂ, ਚਾਰ ਗੱਲਾਂ ਦੀਆਂ ਬਾਰਾਂ ਗੱਲਾਂ ਬਣਾਉਣ ਵਿੱਚ ਉਨ੍ਹਾਂ ਨੂੰ ਮੁਹਾਰਤ ਹਾਸਲ ਹੈ। ਤੁਹਾਡੇ ਗੁਆਂਢੀਆਂ ਦੀ ਹਰੇਕ ਛੋਟੀ-ਵੱਡੀ ਲੇਡੀ ਅਤੇ ਜੈਂਟਲਮੈਨ ਬਾਤ ਦਾ ਬਤੰਗੜ ਰਾਈ ਦਾ ਪਹਾੜ ਬਣਾਉਣ ਦੇ ਕਾਬਲ ਹੈ। ਉਹ ਓਨਾ ਤਰੱਦਦ ਆਪਣੀ ਛੱਤ ਉੱਤੇ ਲੱਗੇ ਡਿਸ਼ ਟੀ ਵੀ ਦੇ ਐਂਟੀਨਾ ਦੀ ਦਿਸ਼ਾ ਠੀਕ ਕਰਨ ਵਿੱਚ ਨਹੀਂ ਕਰਦੇ, ਜਿੰਨਾ ਤਰੱਦਦ ਉਹ ਤੁਹਾਡੇ ਘਰ ਦੀਆਂ ਗੱਲਾਂ ਦੀ ਕੰਨਸੋਅ ਲੈਣ ਵਿੱਚ ਕਰਦੇ ਹਨ। ਉਹ ਆਪਣੇ ਕੰਨ-ਰਸ ਦਾ ਸੁਆਦ ਲੈਣ ਖਾਤਰ ਕਈ ਤਰ੍ਹਾਂ ਦੀ ਚੁਸਤੀ ਤੇ ਜੁਗਤੀ ਵਰਤਦੇ ਹਨ। ਕਦੇ ਆਪਣੇ ਘਰ ਦੀ ਛੱਤ ਦੇ ਬਨੇਰੇ ਨਾਲ ਢੋਅ ਲਾ ਕੇ ਖੜ੍ਹ ਜਾਂਦੇ ਹਨ।ਕਦੇ ਤੁਹਾਡੀ ਬੰਦ ਬਾਰੀ ਕੋਲ ਸ਼ਹਿ ਲਾ ਕੇ ਖੜੋ ਜਾਂਦੇ ਹਨ। ਮੰਜੀਆਂ ਆਪਣੇ ਵਿਹੜੇ ਵਿੱਚ ਡਾਹੁੰਦੇ ਹਨ, ਕੰਨ ਤੁਹਾਡੇ ਘਰ ਵੱਲ ਖੜ੍ਹੇ ਕਰ ਰੱਖਦੇ ਹਨ। ਖੜਕੰਨੇ ਜੁ ਹੋਏ। ਤੁਹਾਡੇ ਘਰ ਦੇ ਨਿੱਕੇ ਨਿਆਣਿਆਂ ਨੂੰ ਵਰਚਾ ਕੇ, ਪਤਿਆ ਕੇ ਜਾਂ ਲਲਚਾ ਕੇ ਤੁਹਾਡੇ ਘਰ ਦੀਆਂ ਅੰਦਰੂਨੀ ਗੱਲਾਂ, ਭੇਤਾਂ ਦੀ ਥਾਹ ਪਾਉਣ ਦੀ ਵਾਹ ਲਾਉਂਦੇ ਹਨ। ਜਾਂ ਏਧਰੋਂ-ਓਧਰੋਂ ਭਾਵ ਤੁਹਾਡੇ ਬਾਕੀ ਗੁਆਂਢੀਆਂ ਤੋਂ ਤੁਹ-ਾਡੇ ਭੇਤ-ਸ਼ੇਤ ਲੈਣ ਦਾ ਯਤਨ ਕਰਦੇ ਹਨ। ਉਨ੍ਹਾਂ ਨੂੰ ਅਗਾਂਹ ਤੋਂ ਅਗਾਂਹ ਗੱਲਾਂ ਰੇੜ੍ਹਨ ਦਾ ਭੇਤ ਉਜਾਗਰ ਕਰਨ ਦਾ ਚਸਕਾ ਪਿਆ ਹੋਇਆ ਹੈ। ਮੁਫਤ ਦੀ ਜਾਸੂਸੀ ਕਰਨ ਦਾ ਉਨ੍ਹਾਂ ਉਤੇ ਝੱਲ (ਸ਼ੁਦਾਅ) ਸੁਆਰ ਹੋਇਆ ਪਿਆ ਹੈ।

ਉਹ ਆਪਣੇ ਕੰਮ ਧੰਦਿਆਂ ਨਾਲ, ਮਸਲਿਆਂ ਨਾਲ ਮਤਲਬ ਰੱਖਣਾ ਜਿਵੇਂ ਜਾਣਦੇ ਹੀ ਨਹੀਂ। ਉਹ ਮਿਰਚ ਮਸਾਲਾ ਲਾ ਕੇ ਗੱਲਾਂ ਨੂੰ ਮਸਾਲੇਦਾਰ, ਜ਼ਾਇਕੇਦਾਰ ਬਣਾ ਕੇ ਹੋਰਨਾਂ ਅੱਗੇ ਪਰੋਸਣ ਨੂੰ ਤਿਆਰ ਰਹਿੰਦੇ ਹਨ। ਇਸ ਵਾਸਤੇ ਉਹ ਆਪਣਾ ਮਿਰਚ-ਮਸਾਲਾ ਹਰ ਵੇਲੇ ਤਿਆਰ ਰੱਖਦੇ ਹਨ। ਦਿਲ ਦੇ ਸਾਫਅਤੇ ਮਨ ਦੇ ਨਿਰਮਲ ਹੋਣ ਕਾਰਨ ਤੁਹਾਡੇ ਤੋਂ ਆਪਣੀਆਂ ਘਰੇਲੂ ਤੇ ਜ਼ਰੂਰੀ ਗੱਲਾਂ ਕਈ ਵਾਰ ਉਚੀ ਆਵਾਜ਼ ਵਿੱਚ ਕਹਿ ਹੋ ਜਾਂਦੀਆਂ ਹਨ ਅਤੇ ਤੁਹਾਡੇ ਗੁਆਂਢੀਆਂ ਦੀਆਂ ਕੰਨਸੋਅ ਤੇ ਕੰਨ-ਰਸ ਲੈਣ ਦੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ। ਫਿਰ ਚੱਲ ਸੋ ਚੱਲ।ਅਗਾਂਹ ਤੋਂ ਅਗਾਂਹ ਤੁਹਾਡੀ ਹਰ ਗੁੱਝੀ ਤੋਂ ਗੁੱਝੀ ਗੱਲ ਪੈਂਦੀ ਹੈ ਚੱਲ। ਇਹ ਪੂਰੇ ਮੁਹੱਲੇ, ਪੂਰੇ ਪਿੰਡ ਵਿੱਚ ਘੁੰਮਣ ਲੱਗ ਪੈਂਦੀ ਹੈ। ਵਿਹਲੇ ਲੋਕਾਂ ਕੋਲ ਚੁਗਲੀਆ ਕਰਨ, ਗੱਲਾਂ ਰੇੜ੍ਹਨ, ਚੁਆਤੀਆਂ ਲਾਉਣ ਤੋਂ ਇਲਾਵਾ ਹੋਰ ਕਿਹੜਾ ਕੋਈ ਕੰਮ ਹੁੰਦਾ ਹੈ? ਕੰਨਾਂ ਦੇ ਕੱਚੇ ਕਿਸੇ ਬੰਦੇ ਜਾਂ ਤੀਵੀਂ ਦੇ ਕੰਨਾਂ ਵਿੱਚ ਪਈ ਹੋਈ ਗੱਲ ਕੋਹਾਂ ਲੰਮਾ ਪੈਂਡਾ ਝੱਟ ਤੈਅ ਕਰ ਲੈਂਦੀ ਹੈ। ਅਗਾਂਹ ਤੋਂ ਅਗਾਂਹ ਇਹ ਆਪਣਾ ਅਸਲ ਰੂਪ ਤੇ ਅਰਥ ਬਦਲ ਲੈਂਦੀ ਹੈ।ਗੱਲਾਂ ਨੂੰ ਮਿਰਚ ਮਸਾਲਾ ਲਾਉਣ ਦੀ ਕਲਾ ਤੁਹਾਡੇ ਗੁਆਂਢੀਆਂ ਤੋਂ ਇਲਾਵਾ ਮੁਹੱਲੇ ਤੇ ਪਿੰਡ ਦੇ ਕਈ ਹੋਰ ਲੋਕ ਵੀ ਜਾਣਦੇ ਹਨ ਤੇ ਤੁਹਾਡੀ ਸ਼ਰਾਫਤ ਨੂੰ ਬਦਮਾਸ਼ੀ ਵਿੱਚ, ਫਰਾਖਦਿਲੀ ਨੂੰ ਤੰਗਦਿਲੀ ਵਿੱਚ ਨੇਕ ਨੀਤ ਨੂੰ ਬਦਨੀਤ ਵਿੱਚ ਬਦਲ ਕੇ ਤੁਹਾਡੀ ਬੇਦਾਗ ਸ਼ਖਸੀਅਤ ਨੂੰ ਦਾਗਦਾਰ ਸਾਬਤ ਕਰਨ ਦਾ ਟਿੱਲ ਲਾਉਂਦੇ ਹਨ। ਉਨ੍ਹਾਂ ਦੇ ਆਪਣੇ ਦਾਮਨ ਸਾਫ ਹੋਣ ਜਾਂ ਨਾ ਹੋਣ, ਤੁਹਾਡੇ ਸਣੇ ਹੋਰ ਕਈਆਂ ਦੇ ਦਾਮਨਾਂ ਉੱਤੇ ਧੱਬੇ ਲਾਉਣ ਦਾ ਯਤਨ ਕਰਦੇ ਹਨ। ਉਹ ਨੁਕਤਾਚੀਨੀ ਕਰਨ ਅਤੇ ਚਿੱਕੜ ਸੁੱਟਣ ਦਰਮਿਆਨ ਜੋ ਫਰਕ ਹੁੰਦਾ ਹੈ, ਉਸ ਨੂੰ ਉਹ ਮਿਟਾ ਕੇ ਰੱਖ ਦਿੰਦੇ ਹਨ।

ਗੁਆਂਢੀਆਂ ਦੇ ਸਿਰਫ ਕੰਨ ਨਹੀਂ ਹੁੰਦੇ, ਅੱਖਾਂ ਵੀ ਹੁੰਦੀਆਂ ਹਨ। ਉਹ ਤੁਹਾਡੀ ਹਰ ਨਕਲੋਂ ਹਰਕਤ ਉੱਤੇ ਨਿਗ੍ਹਾ ਰੱਖਦੇ ਹਨ। ਤੁਹਾਡੇ ਘਰ ਆਉਣ ਵਾਲੇ ਤੁਹਾਡੇ ਜਾਣਕਾਰਾਂ, ਰਿਸ਼ਤੇਦਾਰਾਂ ਉੱਤੇ ਨਜ਼ਰ ਰੱਖਦੇ ਹਨ। ਜੇ ਕੁਝ ਦਿਨਾਂ ਲਈ ਕਿਤੇ ਬਾਹਰ ਗਏ ਹੋਣ ਤਾਂ ਵਾਪਸ ਆ ਕੇ ਚਾਹ ਵਗੈਰਾ ਪਿੱਛੋਂ ਪੀਂਦੇ ਹਨ, ਪਹਿਲਾਂ ਆਪਣੇ ਸੀ ਸੀ ਟੀ ਵੀ ਕੈਮਰਿਆਂ ਦੀ ਰਿਕਾਰਡਿੰਗ ਚੈਕ ਕਰਦੇ ਹਨ, ਇਹ ਵੇਖਣ ਲਈ ਕਿ ਉਨ੍ਹਾਂ ਦੀ ਗੈਰ ਹਾਜ਼ਰੀ ਵਿੱਚ ਕੌਣ-ਕੌਣ ਤੁਹਾਡੇ ਘਰ ਪਧਾਰਿਆ ਸੀ? ਤੁਸੀਂ ਕਦੇ ਕਦੇ ਸੋਚਦੇ ਹੋ ਕਿ ਗੁਆਂਢੀਆਂ ਨੂੰ ਪੁੱਛ ਲਿਆ ਜਾਵੇ ਕਿ ਕੀ ਅਸੀਂ ਸੱਚਮੁੱਚ ਲੁੱਚੇ-ਲਫੰਗੇ ਜਾਂ ਬਦਮਾਸ਼ ਹਾਂ? ਕੀ ਅਸੀਂ ਪੋਸਤ, ਅਫੀਮ, ਨਾਜਾਇਜ਼ ਸ਼ਰਾਬ ਜਾਂ 'ਚਿੱਟਾ' ਵੇਚਣ ਦਾ ਧੰਦਾ ਕਰਦੇ ਹਾਂ? ਤੁਸੀਂ ਕੰਧਾਂ ਨਾਲ ਕੰਨ ਲਾ-ਲਾ ਕੇ ਸਾਡੀਆਂ ਗੱਲਾਂ ਸੁਣਨ ਦਾ ਯਤਨ ਕਿਉਂ ਕਰਦੇ ਅਤੇ ਸਾਡੇ ਘਰ ਉੱਤੇ ਨਜ਼ਰ ਰੱਖਦੇ ਹੋ? ਤੁਸੀਂ ਇਹ ਸੋਚਦੇ ਹੀ ਹੋ, ਕਦੇ ਗੁਆਂਢੀਆਂ ਨੂੰ ਪੁੱਛਦੇ ਨਹੀਂ, ਕਿਉਂਕਿ ਤੁਸੀਂ ਉਨ੍ਹਾਂ ਨਾਲ ਆਪਣੇ ਸੰਬੰਧ ਵਿਗਾੜਨਾ ਨਹੀਂ ਚਾਹੁੰਦੇ।

ਜਦੋਂ ਤੁਸੀਂ ਆਪਣੀ ਵਹੁਟੀ ਨਾਲ ਜਾਂ ਤੁਹਾਡੀ ਵਹੁਟੀ ਤੁਹਾਡੇ ਮਾਤਾ-ਪਿਤਾ ਨਾਲ ਜਾਂ ਤੁਸੀਂ ਸਾਰੇ ਜੀਅ ਆਪਣੇ ਘਰ ਅੰਦਰ ਮਹਾਂਭਾਰਤ ਵਰਗਾ ਯੁੱਧ ਛੇੜ ਲੈਂਦੇ ਹੋ, ਤੁਹਾਡੇ ਗੁਆਂਢੀਆਂ ਨੂੰ ਜੀਅ ਭਰ ਕੇ ਤੁਹ-ਾਡੇ ਟੱਬਰ ਵੱਲੋਂ ਇੱਕ ਦੂਜੇ ਨੂੰ ਮੰਦਾ ਅਤੇ ਮਾੜਾ ਬੋਲਣ, ਗਾਲ੍ਹਾਂ, ਕੱਢਣ ਜਾਂ ਧਮਕੀਆਂ-ਡਰਾਵੇ ਦੇਣ ਦੇ ਡਰਾਮੇ ਦਾ ਲੁਤਫ ਉਠਾਉਣ ਦਾ ਮੌਕਾ ਮਿਲ ਜਾਂਦਾ ਹੈ। ਤੁਹਾਡੇ ਘਰੇਲੂ ਮਾਮਲਿਆਂ ਵਿੱਚ ਦਖਲ ਦੇਣ ਦਾ ਬਹਾਨਾ ਮਿਲ ਜਾਂਦਾ ਹੈ। ਕੰਨਸੋਅ ਅਤੇ ਕੰਨ-ਰਸ ਲੈਣ ਤੋਂ ਅਗਾਂਹ ਵੱਧ ਕੇ ਦਖਲ ਦੇਣ ਦਾ, ਤੁਹਡੇ ਟੱਬਰ ਨੂੰ ਸਲਾਹਾਂ ਤੇ ਨਸੀਹਤਾਂ ਦੇਣ ਦਾ ਸੁਭਾਗ ਹਾਸਲ ਹੁੰਦਾ ਹੈ। ਤੁਹਾਨੂੰ ਉਨ੍ਹਾਂ ਦੀਆਂ ਲਾਹਨਤਾਂ-ਨੁਮਾ ਟਿੱਪਣੀਆਂ ਟੋਟਕੀਆਂ ਸੁਣਨ ਲਈ ਮਿਲ ਸਕਦੀਆਂ ਹਨ। ਯਾਦ ਰੱਖਿਓ! ਅੱਗ ਬੁਝਾਉਣ ਵਾਲਿਆਂ, ਬਲਦੀ ਉੱਤੇ ਪਾਣੀ ਪਾਉਣ ਵਾਲਿਆਂ ਤੋਂ ਬਾਅਦ ਉੱਤੇ ਪਾਣੀ ਪਾਉਣ ਵਾਲਿਆਂ ਤੋਂ ਵੱਧ ਗਿਣਤੀ ਅੱਗ ਲਾਉਣ ਤੇ ਬਲਦੀ ਉੱਤੇ ਤੇਲ ਪਾਉਣ ਵਾਲਿਆਂ ਦੀ ਹੈ। ਲੜਨ-ਭਿੜਨ ਤੋਂ ਪਹਿਲਾਂ ਸੋਚ ਲੈਣਾ ਚਾਹੀਦਾ ਹੈ।

# ਦਰਬਾਰ ਸਾਹਿਬ ਕੰਪਲੈਕਸ ਤੋਂ ਬਾਹਰਲੀਆਂ ਸਰਾਵਾਂ ’ਤੇ ਜੀ ਐਸ ਟੀ ਲਾਗੂ

ਅੰਮ੍ਰਿਤਸਰ, 2 ਅਗਸਤ (ਪੋਸਟ ਬਿਊਰੋ)- ਕੇਂਦਰ ਸਰਕਾਰ ਵੱਲੋਂ ਗੁਰ-ਦੁਆਰਾ ਕੰਪਲੈਕਸ ਤੋਂ ਬਾਹਰ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਸਰਾਵਾਂ ਉੱਤੇ 12 ਫੀਸਦੀ ਜੀ ਐਸ ਟੀ ਦੀ ਸ਼ਰਤ ਲਾਗੂ ਕਰ ਦਿੱਤੀ ਗਈ ਹੈ, ਜਿਸ ਨਾਲ ਸ਼੍ਰੋਮਣੀ ਕਮੇਟੀ ਦੀ ਦਰਬਾਰ ਸਾਹਿਬ ਨਾਲ ਸਬੰਧਤ ਸਰਾਂ ਸਾਰਾਗੜ੍ਹੀ ਨਿਵਾਸ ਉੱਤੇ ਲਗਭਗ ਦੋ ਕਰੋੜ ਰੁਪਏ ਤੋਂ ਵੱਧ ਟੈਕਸ ਅਤੇ ਜੁਰਮਾਨਾ ਲਾ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਵੱਲੋਂ ਦਰਬਾਰ ਸਾਹਿਬ ਨੇ ਗੁਰੂ ਕੇ ਲੰਗਰ ਘਰ ਲਈ ਖਰੀਦੀਆਂ ਜਾਂਦੀਆਂ ਵਸਤਾਂ ਉੱਤੇ ਵੀ ਜੀ ਐਸ ਟੀ ਲਾਇਆ ਸੀ, ਜਿਸ ਨੂੰ ਹਟਾਉਣ ਲਈ ਇਸ ਵੱਡੀ ਸਿੱਖ ਸੰਸਥਾ ਨੂੰ ਲੰਮੀ ਜੱਦੋਜਹਿਦ ਕਰਨੀ ਪਈ ਸੀ। ਇਸ ਜੁਲਾਈ ਮਹੀਨੇ ਤੋਂ



ਕੇਂਦਰ ਸਰਕਾਰ ਨੇ ਗੁਰਦੁਆਰਾ ਕੰਪਲੈਕਸ ਦੇ ਘੇਰੇ ਤੋਂ ਬਾਹਰ ਬਣੀਆਂ ਸਰਾਵਾਂ ਆਦਿ ਨੂੰ ਜੀ ਐਸ ਟੀ ਦੇ ਘੇਰੇ ਵਿੱਚ ਸ਼ਾਮਲ ਕਰ ਲਿਆ ਹੈ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਭੰਗਾਲੀ ਨੇ ਦੱਸਿਆ ਕਿ ਕੇਂਦਰ ਵੱਲੋਂ ਇਸ ਬਾਰੇ 18 ਜੁਲਾਈ ਨੂੰ ਨੋਟੀਫਿਕੇਸ਼ਨ ਜਾਰੀ ਕਰ ਕੇ ਧਾਰਮਿਕ ਸਥਾਨਾਂ ਦੇ ਘੇਰੇ ਤੋਂ ਬਾਹਰ ਬਣੀਆਂ ਸਰਾਵਾਂ ਨੂੰ ਜੀ ਐਸ ਟੀ ਦੇ ਘੇਰੇ ਵਿੱਚ ਲਿਆਂਦਾ ਗਿਆ ਹੈ। ਇਨ੍ਹਾਂ ਸਰਾਵਾਂ ਦੇ ਸ਼ਰਧਾਲੂਆਂ ਤੋਂ ਵਸੂਲੇ ਜਾਂਦੇ ਕਿਰਾਏ ਉੱਤੇ 12 ਫੀਸਦੀ ਟੈਕਸ ਲਾ ਦਿੱਤਾ ਗਿਆ ਹੈ, ਜਿਸ ਦਾ ਵਾਧੂ ਬੋਝ ਗੁਰੂ ਘਰਆਉਂਦੀ ਸੰਗਤ ਉੱਤੇ ਪਵੇਗਾ। ਉਨ੍ਹਾਂ ਦੱਸਿਆ ਕਿ ਇਸ ਘੇਰੇ ਵਿੱਚਸ੍ਰੀ ਦਰਬਾਰ ਸਾਹਿਬ ਦੀਆਂ ਤਿੰਨ ਸਰਾਵਾਂ ਆਉਂਦੀਆਂ ਹਨ। ਇਸ ਫੈਸਲੇ ਨੂੰ ਮੰਦਭਾਗਾ ਦੱਸ ਕੇ ਸ਼੍ਰੋਮਣੀ ਕਮੇਟੀਦੇ ਸੈਕਟਰੀ ਡਾਕਟਰ ਪਰਮਜੀਤ ਸਿੰਘ ਸਰੋਆ ਨੇ ਕਿਹਾ ਕਿ ਕੇਂਦਰ ਦੇ ਇਸ ਫੈਸਲੇ ਖਿਲਾਫ ਲੋੜੀਂਦੀ ਚਾਰਾਜੋਈ ਕੀਤੀ ਜਾਵੇਗੀ।

# ਬਿਸ਼ਨੋਈ ਗਰੁੱਪ ਨਾਲ ਸਬੰਧਤ ਪੰਜ ਗੈਂਗਸਟਰ ਅਸਲੇ ਸਣੇ ਗ੍ਰਿਫ਼ਤਾਰ



ਫ਼ਤਹਿਗੜ੍ਹ, 2 ਅਗਸਤ (ਪੋਸਟ ਬਿਊਰੋ)- ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਪੁਲਸ ਨੇ ਲਾਰੈਂਸ ਬਿਸ਼ਨੋਈ ਗਰੁੱਪ ਨਾਲ ਸੰਬੰਧ ਰੱਖਦ ਪੰਜ ਵਿਅਕਤੀਆਂ ਨੂੰ ਪੰਜ ਦੇਸੀ ਪਿਸਤੌਲ 32 ਬੋਰ, ਤਿੰਨ ਦੇਸੀ ਕੱਟੇ 315 ਬੋਰ ਅਤੇ 30 ਜਿੰਦਾ ਰੌਂਦਾ ਸਮੇਤ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਡੀ ਆਈ ਜੀ ਰੇਂਜ ਰੂਪਨਗਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਸੀ ਆਈ ਏ ਸਟਾਫ਼ ਸਰਹਿੰਦ ਅਤੇ ਥਾਣਾ ਖਮਾਣੋਂ ਪੁਲਸ ਨੇ ਸਾਂਝੀ ਕਾਰਵਾਈ ਦੌਰਾਨ ਉਕਤ ਗੈਂਗਸਟਰ ਗਿਰੋਹ ਦੇ ਮੈਂਬਰਾਂ ਨੂੰ ਅਸਲੇ ਸਮੇਤ ਗ੍ਰਿਫ਼ਤਾਰ ਕੀਤਾ ਹੈ। ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗੈਂਗ ਵਿੱਚ ਕੁਝ ਮੈਂਬਰ ਲਾਰੈਂਸ ਬਿਸ਼ਨੋਈ ਗਰੁੱਪ ਨਾਲ ਸਬੰਧਤ ਹਨ। ਉਨ੍ਹਾਂ ਮੁਤਾਬਕ ਗ੍ਰਿਫ਼ਤਾਰ ਕੀਤੇ ਲੋਕਾਂ ਸੰਦੀਪ ਸਿੰਘ ਪੁੱਤਰ ਦਲਜੀਤ ਸਿੰਘ ਪਿੰਡ ਫਲੌਲੀ ਥਾਣਾ ਅਰਬਨ ਅਸਟੇਟ ਫੇਸ ਦੋ ਪਟਿਆਲਾ, ਚਰਨਜੀਤ ਸਿੰਘ ਉਰਫ਼ ਚੰਨੀ ਪੁੱਤਰ ਬਲਵਿੰਦਰ ਸਿੰਘ ਵਾਸੀ ਘੱਗਾ ਥਾਣਾ ਜ਼ਿਲ੍ਹਾ ਪਟਿਆਲਾ ਅਤੇ ਗੁਰਮੁਖ ਸਿੰਘ ਪੁੱਤਰ ਬਲਦੇਵ ਸਿੰਘ ਪਿੰਡ ਰੱਤੋਕੇ ਥਾਣਾ ਲੌਂਗੋਵਾਲ ਜ਼ਿਲ੍ਹਾ ਸੰਗਰੂਰ ਤੋਂ ਮੁੱਢਲੀ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਉਹ ਲੋਕ ਉਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਤੋਂ ਨਾਜਾਇਜ਼ ਅਸਲਾ ਪੰਜਾਬ ਮੰਗਵਾਉਂਦੇ ਸਨ, ਜਿਨ੍ਹਾਂ ਦੀ ਨੋਕ ਉੱਤੇ ਉਹ ਅਪਰਾਧਿਕ ਵਾਰਦਾਤਾਂ ਕਰਦੇ ਸਨ। ਅਸਲੇ ਸਮੇਤ ਫੜੇ ਗਏ ਲੋਕਾਂ ਦੀ ਪਛਾਣ ਸੰਦੀਪ ਸਿੰਘ ਪਿੰਡ ਛਬੀਲਪੁਰ ਥਾਣਾ ਘੱਗਾ ਜ਼ਿਲ੍ਹਾ ਪਟਿਆਲਾ, ਹਰਪ੍ਰੀਤ ਸਿੰਘ ਹੈਪੀ ਪੁੱਤਰ ਕਰਨੈਲ ਸਿੰਘ ਵਾਸੀ ਕਰਹਾਲੀ ਸਾਹਿਬ ਥਾਣਾ ਪਸਿਆਣਾ, ਸੰਦੀਪ ਸਿੰਘ ਪੁੱਤਰ ਦਲਜੀਤ ਸਿੰਘ ਪਿੰਡ ਫਲੌਲੀ ਥਾਣਾ ਅਰਬਨ ਅਸਟੇਟ ਪਟਿਆਲਾ, ਚਰਨਜੀਤ ਸਿੰਘ ਉਰਫ਼ ਚੰਨੀ ਪੁੱਤਰ ਬਲਵਿੰਦਰ ਸਿੰਘ ਵਾਸੀ ਘੱਗਾ ਥਾਣਾ ਜ਼ਿਲ੍ਹਾ ਪਟਿਆਲਾ ਅਤੇ ਗੁਰਮੁਖ ਸਿੰਘ ਪੁੱਤਰ ਬਲਦੇਵ ਸਿੰਘ ਪਿੰਡ ਰੱਤੋਕੇ ਥਾਣਾ ਲੌਂਗੋਵਾਲ ਜ਼ਿਲ੍ਹਾ ਸੰਗਰੂਰ ਵਜੋਂ ਹੋਈ ਹੈ।

### ਹਾਈ ਕੋਰਟ ਵਿੱਚ ਜੰਜੂਆ ਕੇਸ:

## ਪੰਜਾਬ ਸਰਕਾਰ ਨੇ ਕਿਹਾ: ਜੰਜੂਆ ਨੂੰ ਪ੍ਰੋਮੋਟ ਨਹੀਂ, ਟ੍ਰਾਂਸਫਰ ਕੀਤੈ



ਚੰਡੀਗੜ੍ਹ, 2 ਅਗਸਤ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਆਈ ਏ ਐਸ ਅਧਿਕਾਰੀ ਵੀ ਕੇ ਜੰਜੂਆ ਨੂੰ ਪੰਜਾਬ ਸਰਕਾਰ ਵਿੱਚ ਚੀਫ ਸੈਕਟਰੀ ਨਿਯੁਕਤ ਕਰਨਉੱਤੇ ਪ੍ਰਮੋਸ਼ਨ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦੇਣ ਵਾਲੀ ਅਰਜ਼ੀ ਉੱਤੇ ਕੱਲ੍ਹ ਸੁਣਵਾਈ ਹੋਈ। ਪੰਜਾਬ ਦੇ ਐਡਵੋਕੇਟ ਜਨਰਲ ਵਿਨੋਦ ਘਈ ਕੋਰਟ ਵਿੱਚ ਪੇਸ਼ ਹੋਏ ਅਤੇ ਉਨ੍ਹਾਂ ਨੇ ਕੋਰਟ ਨੂੰ ਦੱਸਿਆ ਕਿ ਸਰਕਾਰ ਨੇ ਵੀ ਕੇ ਜੰਜੂਆ ਦਾ ਟ੍ਰਾਂਸਫਰ ਕੀਤਾ ਹੈ, ਪ੍ਰਮੋਸ਼ਨ ਨਹੀਂ ਕੀਤੀ। ਵਰਨਣ ਯੋਗ ਹੈ ਕਿ ਅਕਾਲੀ-ਭਾਜਪਾ ਸਰਕਾਰ ਦੇ ਦੌਰਾਨ ਵੀ ਕੇ ਜੰਜੂਆ ਦੋ ਲੱਖ ਰੁਪਏ ਰਿਸ਼ਵਤ ਲੈਂਦੇ ਫੜੇ ਗਏ ਸਨ। ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨੂੰ ਦੱਸੇ ਬਿਨਾਂ ਆਪਣੇ ਪੱਧਰ ਉੱਤੇਵੀ ਕੇ ਜੰਜੂਆ ਖ਼ਿਲਾਫ਼ ਕੇਸ ਦਰਜ ਕਰ ਦਿੱਤਾ ਸੀ, ਜਦਕਿ ਕਿਸੇ ਆਈ ਏ ਐਸ ਅਧਿਕਾਰੀ ਦੇ ਖ਼ਿਲਾਫ਼ ਕੇਸ ਚਲਾਉਣ ਤੋਂ ਪਹਿਲਾਂ ਕੇਂਦਰ ਦੀ ਆਗਿਆ ਲੈਣੀ ਜ਼ਰੂਰੀ ਹੁੰਦੀ ਹੈ। ਅਰਜ਼ੀਕਰਤਾ ਤੁਲਸੀ ਰਾਮ ਨੇ ਕੇਸ ਨੂੰ ਆਧਾਰ ਬਣਾ ਕੇ ਅਰਜ਼ੀ ਪੇਸ਼ ਕੀਤੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਇੱਕ ਦਾਗੀ ਅਧਿਕਾਰੀ ਨੂੰ ਪੰਜਾਬ ਦਾ ਚੀਫ ਸੈਕਟਰੀ ਕਿਉਂ ਨਿਯੁਕਤ ਕੀਤਾ ਗਿਆ ਹੈ?

# ਗਰਭਵਤੀ ਔਰਤ ਨੂੰ ਤਿੰਨ ਹਸਪਤਾਲਾਂ ਨੇ ਰੈਫਰ ਕੀਤਾ, ਪੀ ਜੀ ਆਈ ਜਾਂਦੇ ਸਮੇਂ ਮੌਤ

*** ਐਂਬੂਲੈਂਸ ਡਰਾਈਵਰ ਨੇ ਰੋਪੜ ਹਸਪਤਾਲ ਵਿੱਚ ਲਾਸ਼ ਛੱਡੀ**

***ਪਤੀ ਨੂੰ ਦੋ ਦਿਨ ਬਾਅਦ ਮੌਤ ਦਾ ਪਤਾ ਲੱਗਾ**

ਹੁਸ਼ਿਆਰਪੁਰ, 2 ਅਗਸਤ (ਪੋਸਟ ਬਿਊਰੋ)- ਪਿੰਡ ਜੈਜੋਂ ਦੋਆਬਾ ਦੇ ਇੱਕ ਗਰੀਬ ਪਰਵਾਰ ਦੀ ਗਰਭਵਤੀ ਔਰਤ ਤੇ ਨਵਜੰਮੇ ਬੱਚੇ ਦੀ ਸਮੇਂ ਉੱਤੇ ਇਲਾਜ ਨਾ ਮਿਲਣ ਕਾਰਨ 29 ਜੁਲਾਈ ਨੂੰ ਮੌਤ ਹੋ ਗਈ। ਉਸ ਔਰਤ ਦੇ ਪਤੀ ਦਾ ਦੋਸ਼ ਹੈ ਕਿ ਇੱਕ ਦੇ ਬਾਅਦ ਇੱਕ ਤਿੰਨ ਹਸਪਤਾਲਾਂ ਨੇ ਉਸ ਦੀ ਪਤਨੀ ਨੂੰ ਰੈਫਰ ਕੀਤਾ ਗਿਆ ਤੇ ਅਖੀਰ ਡਿਲੀਵਰੀ ਲਈ ਪੀ ਜੀ ਆਈ ਚੰਡੀਗੜ੍ਹ ਲਿਜਾਂਦੇ ਸਮੇਂ ਐਂਬੂਲੈਂਸ ਵਿੱਚ ਉਸ ਦੀ ਪਤਨੀ ਤੇ ਨਵਜੰਮੇ ਬੱਚੇ ਦੀ ਮੌਤ ਹੋ ਗਈ। ਔਰਤ ਨੂੰ ਲੈ ਕੇ ਉਹ ਪੀ ਜੀ ਆਈ ਜਾ ਰਿਹਾ ਸ੍ਰੀ ਆਨੰਦਪੁਰ ਸਾਹਿਬ ਦੇ ਇੱਕ ਹਸਪਤਾਲ ਦੀ ਐਂਬੂਲੈਂਸ ਦਾ ਡਰਾਈਵਰ ਲਾਸ਼ ਨੂੰ ਸਿਵਲ ਹਸਪਤਾਲ ਰੋਪੜ ਦੀ ਮੋਰਚਰੀ ਵਿੱਚ ਛੱਡ ਕੇ ਖਿਸਕ ਗਿਆ।

ਮਹਿਲਾ ਦੇ ਪਤੀ ਮੁਤਾਬਕ ਉਸ ਦੇ ਕੋਲ ਇੱਕ ਹਜ਼ਾਰ ਰੁਪਏ ਸਨ, ਜਿਸ ਕਾਰਨ ਉਸ ਨੇ ਐਂਬੂਲੈਂਸ ਡਰਾਈਵਰ ਨੂੰ ਪੀ ਜੀ ਆਈ ਚੱਲਣ ਲਈ ਕਿਹਾ ਅਤੇ ਖੁਦ ਪੈਸਿਆਂ ਦਾ ਪ੍ਰਬੰਧ ਕਰਨ ਲੱਗ ਗਿਆ। ਦੋ ਦਿਨ ਉਹ ਆਪਣੀ ਪਤਨੀ ਨੂੰ ਆਨੰਦਪੁਰ ਸਹਿਬ ਅਤੇ ਪੀ ਜੀ ਆਈ ਵਿੱਚ ਲੱਭਦਾ ਰਿਹਾ। ਪੁਲਸ ਚੌਕੀ ਜੈਜੋਂ ਦੋਆਬਾ ਨੇ ਉਸ ਨੂੰ ਦੱਸਿਆ ਕਿ ਉਸ ਦੀ ਪਤਨੀ ਦੀ ਲਾਸ਼ ਰੋਪੜ ਹਸਪਤਾਲ ਦੀ ਮੋਰਚਰੀ ਵਿੱਚ ਪਈ ਹੈ। ਦੋ ਦਿਨ ਬਾਅਦ ਉਸ ਨੂੰ ਪਤਾ ਲੱਗਾ ਪਤਨੀ ਅਤੇ ਨਵਜੰਮੇ ਬੱਚੀ ਦੀ ਮੌਤ ਹੋ ਗਈ ਹੈ। ਚੌਕੀ ਇੰਚਾਰਜ ਪਰਮਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਮ੍ਰਿਤਕ ਔਰਤ ਦੇ ਪਤੀ ਦੇ ਬਿਆਨਾਂ ਉੱਤੇ ਕਾਰਵਾਈ ਕੀਤੀ ਅਤੇ ਅਗਲੀ ਕਾਰਵਾਈ ਕਰ ਰਹੀ ਹੈ।

ਪਤਾ ਲੱਗਾ ਹੈ ਕਿ 29 ਜੁਲਾਈ ਨੂੰ ਗਰਭਵਤੀ ਪਤਨੀ ਨੂੰ ਲੈ ਕੇ ਇਹ ਵਿਅਕਤੀ ਇੱਕ ਹਜ਼ਾਰ ਰੁਪਏ ਨਾਲ ਜਦੋਂ ਪਾਲਦੀ ਸਿਵਲ ਹਸਪਤਾਲ ਪਹੁੰਚਿਆ ਤਾਂ ਉਨ੍ਹਾ ਨੇ ਗੜ੍ਹਸ਼ੰਕਰ ਰੈਫਰ ਕਰ ਦਿੱਤਾ। ਉਹ ਸਿਵਲ ਹਸਪਤਾਲ ਜਾਣ ਦੀ ਥਾਂ ਪ੍ਰਾਈਵੇਟ ਹਸਪਤਾਲ ਲੈ ਗਿਆ। ਪ੍ਰਾਈਵੇਟ ਹਸਪਤਾਲ ਨੇ ਉਸ ਨੂੰ ਆਨੰਦਪੁਰ ਸਾਹਿਬ ਨੂੰ ਰੈਫਰ ਕਰ ਦਿੱਤਾ। ਉਸੇ ਦਿਨ ਆਨੰਦਪੁਰ ਸਾਹਿਬ ਦੇ ਨਿੱਜੀ ਹਸਪਤਾਲ ਨੇ ਚੰਡੀਗੜ੍ਹ ਰੈਫਰ ਕਰ ਦਿੱਤਾ। ਇੱਥੇ ਪਹੁੰਚ ਕੇ ਉਸ ਦੇ ਹਜ਼ਾਰ ਰੁਪਏ ਖਤਮ ਹੋ ਗਏ। ਇੱਕ ਪ੍ਰਾਈਵੇਟ ਐਂਬੂਲੈਂਸ ਵਿੱਚ ਪਤਨੀ ਨੂੰ ਬਿਠਾ ਕੇ ਉਹ ਪੈਸੇ ਦਾ ਪ੍ਰਬੰਧ ਕਰਨ ਚਲਾ ਗਿਆ ਤਾਂ ਚੰਡੀਗੜ੍ਹ ਦੇ ਰਸਤੇ ਵਿੱਚ ਔਰਤ ਦੀ ਮੌਤ ਹੋ ਗਈ। 29 ਨੂੰ ਐਂਬੂਲੈਂਸ ਡਰਾਈਵਰ ਗਰਭਵਤੀ ਨੂੰ ਲੈ ਕੇ ਰੋਪੜ ਸਿਵਲ ਦੇ ਐਮਰਜੈਂਸੀ ਵਿੱਚ ਗਿਆ ਅਤੇ ਓਥੇ ਛੱਡ ਗਿਆ। ਰੋਪੜ ਦੇ ਐਸ ਐਮ ਓ ਤਰਸੇਮ ਸਿੰਘ ਨੇ ਦੱਸਿਆ ਕਿ ਔਰਤ ਦੀ ਜਾਂਚ ਕੀਤੀ ਗਈ ਤਾਂ ਉਹ ਮਰ ਚੁੱਕੀ ਸੀ। ਦਿਨ ਦੇ 12.37 ਵਜੇ ਉਸ ਦੀ ਲਾਸ਼ ਨੂੰ ਮੋਰਚਰੀ ਵਿੱਚ ਰਖਵਾ ਦਿੱਤਾ ਸੀ। ਇਸ ਘਟਨਾ ਤੋਂ ਅਣਜਾਣ ਪਤੀ ਚੰਡੀਗੜ੍ਹ ਅਤੇ ਆਨੰਦਪੁਰ ਵਿੱਚ ਪਤਨੀ ਦੀ ਤਲਾਸ਼ ਕਰਦਾ ਰਿਹਾ, ਪਰ ਉਹ ਨਹੀਂ ਮਿਲੀ।

# ਪਤੀ-ਪਤਨੀ ਦੇ ਝਗੜੇ ਨੇ ਬੱਚੀ ਦੀ ਜਾਨ ਲਈ

ਸ੍ਰੀ ਮੁਕਤਸਰ ਸਾਹਿਬ, 2 ਅਗਸਤ (ਪੋਸਟ ਬਿਊਰੋ)- ਪਤੀ-ਪਤਨੀ ਦੇ ਆਪਸੀ ਝਗੜੇ ਵਿੱਚ ਪਤੀ ਨੇ 10 ਮਹੀਨਿਆਂ ਦੀ ਮਾਸੂਮ ਬੱਚੀ ਨੂੰ ਫ਼ਰਸ਼ ਉੱਤੇ ਸੁੱਟ ਦਿੱਤਾ ਤੇ ਇਸ ਨਾਲ ਬੱਚੀ ਦੀ ਮੌਤ ਹੋ ਗਈ। ਇਸ ਪਿੱਛੋਂ ਦੋਸ਼ੀ ਮੌਕੇ ਤੋਂ ਫਰਾਰ ਹੋ ਗਿਆ, ਜੋ ਫੌਜ ਦਾ ਸਿਪਾਹੀ ਦੱਸਿਆ ਜਾਂਦਾ ਹੈ। ਪੁਲਸ ਨੇ ਇਸਬਾਰੇਕੇਸ ਦਰਜ ਕਰ ਲਿਆ ਹੈ।

ਥਾਣਾ ਸਦਰ ਦੇ ਇੰਚਾਰਜ ਜਗਸੀਰ ਸਿੰਘ ਨੇ ਦੱਸਿਆ ਕਿ ਸਿਪਾਹੀ ਸਤਨਾਮ ਸਿੰਘ ਅੰਬਾਲਾ ਵਿਖੇ ਫ਼ੌਜੀ ਹੈ ਅਤੇ ਉਸ ਦਾ ਵਿਆਹ ਕਰੀਬ ਡੇਢ ਸਾਲ ਪਹਿਲਾਂ ਅਮਨਦੀਪ ਕੌਰ ਪਿੰਡ ਲੱਖੋਕੇ ਬਹਿਰਾਮ ਨਾਲ ਹੋਇਆ ਸੀ ਅਤੇ ਵਿਆਹ ਤੋਂ ਕੁਝ ਸਮਾਂ ਬਾਅਦ ਅਮਨਦੀਪ ਕੌਰ ਤੇ ਉਸਦੇ ਪਤੀ ਤੇ ਸੱਸ ਸਹੁਰੇ ਵਿੱਚ ਝਗੜਾ ਰਹਿਣ ਲੱਗਾ। ਕੱਲ੍ਹ ਅਮਨਦੀਪ ਕੌਰ ਦੇ ਪਿਤਾ ਜਸਵਿੰਦਰ



ਸਿੰਘ ਆਪਣੀ ਲੜਕੀ ਅਤੇ ਉਸਦੀ ਬੱਚੀ ਦੇ ਕੱਪੜੇ ਲੈਣ ਲਈ ਉਸ ਦੇ ਸਹੁਰੇ ਘਰ ਆਏ ਸਨ ਤੇ ਇਸ ਦੌਰਾਨ ਦੋਵਾਂ ਦਾ ਫਿਰ ਟਕਰਾਅ ਹੋ ਗਿਆ। ਫੌਜੀ ਸਤਨਾਮ ਦੇ ਪਿਤਾ ਸੁਖਚੈਨ ਸਿੰਘ ਨੇ ਦੱਸਿਆ ਕਿ ਦੋਵਾਂ ਦੀ ਲੜਾਈ ਦਾ ਕਾਰਨ ਇਹ ਬੱਚੀ ਹੈ। ਸਤਨਾਮ ਸਿੰਘ ਨੇ ਅਮਨਦੀਪ ਕੌਰ ਤੋਂ ਬੱਚੀ ਨੂੰ ਖੋਹ ਲਿਆ ਤੇ ਫ਼ਰਸ਼ ਉੱਤੇ ਪਟਕਾ ਕੇ ਮਾਰਿਆ, ਜਿਸ ਪਿੱਛੋਂ ਉਹ ਬੱਚੀ ਨੂੰ ਪ੍ਰਾਈਵੇਟ ਹਸਪਤਾਲ ਲੈ ਗਿਆ, ਪਰ ਡਾਕਟਰਾਂ ਨੇ ਜਵਾਬ ਦੇ ਦਿੱਤਾ। ਇਸ ਮੌਕੇ ਫ਼ੌਜੀ ਅਤੇ ਉਸ ਦਾ ਪਿਤਾ ਫ਼ਰਾਰ ਹੋ ਗਏ। ਫਿਰ ਬੱਚੀ ਨੂੰ ਸਿਵਲ ਹਸਪਤਾਲ ਲਿਆਂਦਾ ਗਿਆ, ਪਰ ਡਾਕਟਰਾਂ ਨੇ ਬੱਚੀ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਪੁਲਸ ਨੇ ਮ੍ਰਿਤਕ ਬੱਚੀ ਦੀ ਮਾਂ ਦੇ ਬਿਆਨਾਂ ਉੱਤੇ ਦੋਸ਼ੀ ਫ਼ੌਜੀ ਸਤਨਾਮ ਸਿੰਘ ਅਤੇ ਉਸ ਦੇ ਮਾਤਾ ਸਵਰਨ ਕੌਰ ਅਤੇ ਪਿਤਾ ਸੁਖਚੈਮ ਸਿੰਘ ਵਿਰੁੱਧ ਕੇਸ ਦਰਜ ਕਰ ਲਿਆ ਹੈ।

# ਬਰਖਾਸਤ ਇੰਸਪੈਕਟਰ ਬਾਜਵਾ ਦੇ ਘਰ ਪੁਲਸ ਦੇ ਛਾਪੇ ਵਿੱਚ ਨਸ਼ੀਲੇ ਪਦਾਰਥ ਬਰਾਮਦ

ਫਿਰੋਜ਼ਪੁਰ, 2 ਅਗਸਤ (ਪੋਸਟ ਬਿਊਰੋ)- ਇੱਕ ਝੂਠਾ ਕੇਸ ਦਰਜ ਕਰਨ ਦੇ ਕੇਸ ਵਿੱਚ ਫਰਾਰ ਚਲੇ ਆ ਰਹੇ ਪੰਜਾਬ ਪੁਲਸ ਦੇ ਬਰਖਾਸਤ ਇੰਸਪੈਕਟਰ ਪਰਮਿੰਦਰ ਸਿੰਘ ਬਾਜਵਾ ਦੇ ਕਿਰਾਏ ਦੇ ਘਰ ਕੱਲ੍ਹ ਤੜਕੇ ਏਥੇ ਪੁਲਸ ਨੇ ਛਾਪਾ ਮਾਰਿਆ ਤਾਂ ਚਾਰ ਕਿਲੋ 710 ਗਰਾਮ ਨਸ਼ੀਲਾ ਪਾਊਡਰ, 3719 ਨਸ਼ੀਲੀਆਂ ਗੋਲੀਆਂ ਅਤੇ 25 ਲਾਇਸੈਂਸੀ ਅਤੇ ਸੱਤ ਨਾਜਾਇਜ਼ ਰੌਂਦ ਮਿਲੇ, ਜਿਸ ਬਾਰੇ ਅਗਲੀ ਜਾਂਚ ਕੀਤੀ ਜਾ ਰਹੀ ਹੈ।




ਥਾਣਾ ਕੈਂਟ ਦੇ ਐਸ ਐਚ ਓ ਜਸਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਨੋਟਾਂ ਦੇ ਵੱਡੇ ਪੈਕੇਟ ਪੈਕ ਕਰਨ ਵਾਲੇ ਕਾਗਜ਼ ਵੀ ਮਿਲੇ ਹਨ। ਪਰਮਿੰਦਰ ਸਿੰਘ ਬਾਜਵਾ ਅਤੇ ਉਸ ਦੇ ਸਾਥੀਆਂ ਉੱਤੇ ਦੋ ਵਪਾਰੀਆਂ ਨੂੰ ਹੀਰੋਇਨ ਦੇਝੂਠੇ ਕੇਸ ਵਿੱਚ ਫਸਾਉਣ ਦੇ ਦੋਸ਼ ਲੱਗਣ ਕਾਰਨ ਸਰਕਾਰ ਵੱਲੋਂ ਉਨ੍ਹਾਂ ਨੂੰ ਬਰਖਾਸਤ ਕਰ ਦਿੱਤਾ ਸੀ। ਅੱਜੇ ਤੱਕ ਪੁਲਸ ਮੁਲਾਜ਼ਮਾਂ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਦਿਆਂ ਇਸ ਕੇਸ ਦੇ ਪਿੱਛੇ ਹਵਾਲਾ ਅਤੇ ਡਰੱਗ ਮਾਫੀਆ ਦੀ ਵੱਡੀ ਸਾਜ਼ਿਸ਼ ਕਿਹਾ ਹੈ।ਕੱਲ੍ਹ ਜਾਰੀ ਪ੍ਰੈਸ ਨੋਟ ਵਿੱਚ ਆਈ ਜੀ ਹੈਡਕੁਆਰਟਰ ਸੁਖਚੈਨ ਸਿੰਘ ਗਿੱਲ ਨੇ ਦੱਸਿਆ ਕਿ ਪੰਜਾਬ ਪੁਲਸ ਫਿਰੋਜ਼ਪੁਰ ਦੇ ਨਾਰਕੋਟਿਕਸ ਕੰਟਰੋਲ ਸੈਲ ਵਿੱਚ ਤੈਨਾਤ ਇੰਸਪੈਕਟਰ ਬਾਜਵਾ ਅਤੇ ਉਸ ਦੇ ਦੋ ਪੁਲਸ ਸਹਿਯੋਗੀਆਂ ਨੂੰ ਦੋ ਜਣਿਆਂ ਨੂੰ ਨਸ਼ੀਲੇ ਪਦਾਰਥਾਂ ਦੇ ਕੇਸ ਵਿੱਚ ਫਸਾਉਣ ਅਤੇ ਉਨ੍ਹਾਂ ਤੋਂ ਵੱਡੀ ਰਕਮ ਵਸੂਲਣ ਕਾਰਨ ਬਰਖਾਸਤ ਕੀਤੇ ਗਏ ਦੋ ਹੋਰ ਪੁਲਸ ਵਾਲਿਆਂ ਦੀ ਪਛਾਣ ਏ ਐਸ ਆਈ ਅੰਗਰੇਜ਼ ਸਿੰਘ ਅਤੇ ਹੈਡ ਕਾਂਸਟੇਬਲ ਜੋਗਿੰਦਰਸਿੰਘ ਵਜੋਂ ਹੋਈ ਹੈ।ਆਈ ਜੀ ਪੀ ਸੁਖਚੈਨ ਸਿੰਘ ਗਿੱਲ ਨੇ ਦੱਸਿਆ ਕਿ ਕੇਸ ਦੀ ਜਾਂਚ ਜਾਰੀ ਵਿੱਚ ਫਿਰੋਜ਼ਪੁਰ ਦੀਆਂ ਪੁਲਸ ਟੀਮਾਂ ਨੇ ਬਰਖਾਸਤ ਪਰਮਿੰਦਰ ਸਿੰਘ ਬਾਜਵਾ ਦੇ ਕਿਰਾਏ ਦੇ ਘਰ ਦੀ ਤਲਾਸ਼ੀ ਲਈ ਅਤੇ ਭਾਰੀ ਮਾਤਰਾ ਨਸ਼ੀਲਾ ਪਦਾਰਥ ਮਿਲਿਆ ਹੈ।

# ਅਕਾਲੀ-ਭਾਜਪਾ ਸਰਕਾਰ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਸਿੱਖ ਨਾਰਾਜ਼ : ਝੂੰਦਾਂ

ਅੰਮ੍ਰਿਤਸਰ, 2 ਅਗਸਤ (ਪੋਸਟ ਬਿਊਰੋ)- ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਹਾਰ ਦੇ ਕਾਰਨ ਲੱਭਣ ਲਈ ਇਸ ਪਾਰਟੀ ਦੀ ਕੋਰ ਕਮੇਟੀ ਦੀ ਸਿਫ਼ਾਰਸ਼ ਉੱਤੇ ਬਣਾਈ ਗਈ ਝੂੰਦਾਂ ਕਮੇਟੀ ਦੇ ਮੁੱਖੀ ਇਕਬਾਲ ਸਿੰਘ ਝੂੰਦਾਂ ਨੇ ਆਪਣੀ ਰਿਪੋਰਟ ਵਿੱਚ ਮੰਨਿਆ ਹੈ ਕਿ ਸਿੱਖ ਮਾਮਲਿਆਂ,ਖ਼ਾਸ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਸੁਮੇਧ ਸਿੰਘ ਸੈਣੀ ਨੂੰ ਪੰਜਾਬ ਦਾ ਡੀ ਜੀ ਪੀ ਲਾਉਣ ਅਤੇ ਖੇਤੀ ਕਾਨੂੰਨਮਾਮਲੇਵਿੱਚ ਫ਼ੈਸਲਾ ਲੈਣ ਵਿੱਚ ਦੇਰੀ ਆਦਿ ਅਕਾਲੀ ਦਲ ਲਈ ਨੁਕਸਾਨਦੇਹ ਸਾਬਤ ਹੋਏ ਅਤੇ ਇਸ ਪਾਰਟੀ ਦੀ ਹਾਰ ਦਾ ਕਾਰਨ ਬਣੇ ਹਨ।

ਇੱਕ ਨਿੱਜੀ ਚੈਨਲ ਨੂੰ ਦਿੱਤੀ ਇੰਟਰਵਿਊ ਵਿੱਚ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਦੇ ਰਾਜਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਸਿੱਖ ਨਾਰਾਜ਼ ਹੋਏ ਸਨ। ਉਨ੍ਹਾਂ ਕਿਹਾ ਕਿ ਲੋਕ 1984 ਵਿੱਚ ਕਾਂਗਰਸ ਦੇ ਜ਼ੁਲਮਾਂ ਤੇ ਅਤਿਆਚਾਰਾਂ ਨੂੰ ਇਹ ਸਮਝ ਕੇ ਯਾਦ ਕਰਦੇ ਹਨ ਕਿ ਕਾਂਗਰਸ ਸਿੱਖਾਂ ਦੀ ਦੁਸ਼ਮਣ ਜਮਾਤ ਹੈ, ਪਰ ਅਕਾਲੀ ਦਲ ਦੀ ਸਰਕਾਰ ਦੇ ਰਾਜ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਿਰਫ਼ ਸਿੱਖਾਂ ਲਈ ਨਹੀਂ, ਬਲਕਿ ਪੂਰੀ ਮਾਨ-ਵਤਾ ਲਈ ਅਸਹਿ ਦੁੱਖ ਹੈ। ਉਨ੍ਹਾਂ ਕਿਹਾ ਕਿ ਲੋਕ ਅੱਜ ਵੀ ਅਕਾਲੀ ਦਲ ਨੂੰ ਇੱਕ ਪੰਥ ਦੀ ਨੁਮਾਇੰਦਾ ਜਮਾਤ ਮੰਨਦੇ ਹਨ, ਪਰ ਅਸੀਂ (ਅਕਾਲੀ ਦਲ) ਲੋਕਾਂ ਦੇ ਸ਼ਿਕਵੇ ਦੂਰ ਕਰਨ ਵਿੱਚ ਅਸਫ਼ਲ ਰਹੇ, ਜਿਸ ਜਾ ਖਮਿਆਜ਼ਾ ਸਾਨੂੰ ਚੋਣਾਂ ਵਿੱਚ ਭੁਗਤਣਾ ਪਿਆ। ਪੰਜਾਬ ਪੁਲਸ ਦੇ ਡੀ ਪੀ ਜੀ ਸੁਮੇਧ ਸੈਣੀ ਦੀ ਨਿਯੁਕਤੀ ਬਾਰੇ ਉਨ੍ਹਾ ਨੇ ਕਿਹਾ ਕਿ ਸੁਮੇਧ ਇਸ ਨਿਯੁਕਤੀ ਦਾ ਵਿਰੋਧ ਪਾਰਟੀ ਵਿੱਚ ਵੀ ਹੁੰਦਾ ਰਿਹਾ ਅਤੇ ਵਰਕਰ ਵੀ ਚਾਹੁੰਦੇ ਸਨ ਕਿ ਅਜਿਹੇ ਵਿਵਾਦਤ ਪਿਛੋਕੜ ਵਾਲੇ ਵਿਅਕਤੀ ਨੂੰ ਘੱਟੋ ਘੱਟ ਅਕਾਲੀ ਦਲ ਦੀ ਸਰਕਾਰ ਵਿੱਚ ਡੀ ਜੀ ਪੀ ਨਹੀਂ ਸੀ ਲਾਇਆ ਜਾਣਾ ਚਾਹੀਦਾ।

ਖੇਤੀ ਕਾਨੂੰਨਾਂ ਬਾਰੇ ਗੱਲ ਕਰਦਿਆਂ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਨੇ ਸਾਡੀਆਂ ਸਭ ਦੀਆਂ ਭਾਵਨਾਵਾਂ ਦੀ ਕਦਰ ਨਹੀਂ ਸੀ ਕੀਤੀ। ਜਦ ਇਹ ਬਿੱਲ ਦਾ ਡਰਾਫ਼ਟ ਦਿਖਾਇਆ ਗਿਆ ਤਾਂ ਅਕਾਲੀ ਦਲ ਨੇ ਆਪਣੀਆਂ ਤੇ ਕਿਸਾਨ ਭਾਵਨਾਵਾਂ ਤੋਂ ਭਾਜਪਾ ਨੂੰ ਜਾਣੂ ਕਰਵਾ ਦਿੱਤਾ ਸੀ ਤੇ ਉਨ੍ਹਾਂ ਯਕੀਨ ਦਿਵਾਇਆ ਸੀ ਕਿ ਜਦ ਬਿੱਲ ਪਾਰਲੀਮੈਂਟ ਵਿੱਚ ਪੇਸ਼ ਹੋਵੇਗਾ ਤਾਂ ਖ਼ਿਆਲ ਰੱਖਿਆ ਜਾਵੇਗਾ, ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ, ਜਿਸ ਕਾਰਨ ਸਾਡੀ ਇੱਕ ਆਗੂ ਹਰਸਿਮਰਤ ਕੌਰ ਬਾਦਲ ਨੇ ਮੰਤਰੀ ਮੰਡਲ ਤੋਂ ਅਸਤੀਫ਼ਾ ਦੇ ਦਿੱਤਾ, ਪਰ ਸਾਡਾ ਫ਼ੈਸਲਾ ਦੇਰੀ ਨਾਲ ਕੀਤਾ ਗਿਆ ਸੀ।ਲੀਡਰਸ਼ਿਪ ਵਿੱਚ ਤਬਦੀਲੀ ਬਾਰੇ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਅਸੀਂ ਪਾਰਟੀ ਮਜ਼ਬੂਤ ਕਰਨ ਲਈ 42 ਦੇ ਕਰੀਬ ਸੁਝਾਅ ਦਿੱਤੇ ਹਨ, ਜੇ ਉਹ ਸੁਝਾਅ ਲਾਗੂ ਕਰ ਦਿੱਤੇ ਜਾਣ ਤਾਂ ਪਾਰਟੀ ਨਵੇਂ ਜੋਸ਼, ਨਵੀਂ ਭਾਵਨਾ ਤੇ ਨਵੇਂ ਏਜੰਡੇ ਨਾਲ ਲੋਕਾਂ ਸਾਹਮਣੇ ਆਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਵਾਲੀ 13 ਮੈਂਬਰੀ ਕਮੇਟੀ ਨੇ ਪੂਰੇ ਪੰਜਾਬ ਦਾ ਦੌਰਾ ਕੀਤਾ ਤੇ 100 ਦੇ ਕਰੀਬ ਵਿਧਾਨ ਸਭਾ ਹਲਕਿਆਂ ਵਿੱਚ ਜਾ ਕੇ ਵਰਕਰਾਂ ਤੇ ਪਾਰਟੀ ਦੇ ਅਹੁਦੇਦਾਰਾਂ ਦੀ ਰਾਏ ਜਾਣੀ। ਉਨ੍ਹਾਂ ਆਸ ਕੀਤੀ ਕਿ ਪਾਰਟੀ ਪ੍ਰਧਾਨ ਉਨ੍ਹਾਂ ਦੀ ਰਿਪੋਰਟ ਜ਼ਰੂਰ ਲਾਗੂ ਕਰਨਗੇ।



## ਲਲਿਤ ਅਤੇ ਉਸ ਦੀ ਮਾਂ ਵਿਚਾਲੇ ਕੇਸ ਦੀ ਵਿਚੋਲਗੀ ਸਾਬਕਾ ਜਸਟਿਸ ਰਵਿੰਦਰਨ ਕਰਨਗੇ

ਨਵੀਂ ਦਿੱਲੀ, 2 ਅਗਸਤ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਆਰਵੀ ਰਵਿੰਦਰਨ ਨੂੰ ਵਪਾਰੀ ਅਤੇ ਆਈ ਪੀ ਐਲ ਕ੍ਰਿਕਟ ਦੇ ਸਾਬਕਾ ਮੁਖੀ ਲਲਿਤ ਮੋਦੀ ਅਤੇ ਉਸ ਦੀ ਮਾਂ ਬੀਨਾ ਮੋਦੀ ਨਾਲ ਜੁੜੇ ਇੱਕ ਪਰਵਾਰਕ ਜਾਇਦਾਦ ਵਿਵਾਦ ਨੂੰ ਨਿਪਟਾਉਣ ਲਈ ਵਿਚੋਲਾ ਨਿਯੁਕਤ ਕੀਤਾ ਹੈ।

ਇਸ ਸੰਬੰਧ ਵਿੱਚ ਸੁਪਰੀਮ ਕੋਰਟ ਨੇ ਕਿਹਾ ਕਿ ਦੋਵਾਂ ਪੱਖਾਂ ਦੇ ਵਕੀਲ ਇਸ ਗੱਲ ਉੱਤੇ ਸਹਿਮਤ ਸਨ ਕਿ ਉਹ ਬਿਨਾਂ ਕਿਸੇ ਸ਼ਰਤ ਤੇ ਖੁੱਲ੍ਹੇ ਦਿਮਾਗ ਨਾਲ ਵਿਚੋਲਗੀ ਨਾਲ ਵਿਵਾਦ ਸੁਲਝਾਉਣ ਦੀ ਕੋਸ਼ਿਸ਼ ਕਰਨਗੇ।ਚੀਫ ਜਸਟਿਸ ਐਨ ਵੀ ਰਾਮੰਨਾ ਦੀ ਪ੍ਰਧਾਨਗੀ ਵਾਲੀ ਬੈਂਚ ਨੇ ਕਿਹਾ, ''ਸਾਡਾ ਵੀ ਮੰਨਣਾ ਹੈ ਕਿ ਕੇਸ ਦਾ ਹੱਲ ਵਿਚੋਲਗੀ ਦੇ ਨਾਲ ਹੋ ਸਕਦਾ ਹੈ। ਇਸ ਨੂੰ ਵੇਖ ਕੇ ਅਸੀਂ ਇਸ ਅਦਾਲਤ ਦੇ ਸੇਵਾ ਮੁਕਤ ਜੱਜ ਜਸਟਿਸ ਆਰ ਵੀ ਰਵਿੰਦਰਨ ਨੂੰ ਵਿਚੋਲਗੀ ਤੇ ਵਿਵਾਦ ਦੇ ਹੱਲ ਲਈ ਨਿਯੁਕਤ ਕਰਦੇ ਹਾਂ।'' ਬੈਂਚ ਵਿੱਚ ਚੀਫ ਜਸਟਿਸ ਤੋਂ ਇਲਾਵਾ ਜਸਟਿਸ ਕ੍ਰਿਸ਼ਨ ਮੁਰਾਰੀ ਅਤੇ ਜਸਟਿਸ ਹਿਮਾ ਕੋਹਲੀ ਸ਼ਾਮਲ ਹਨ। ਬੈਂਚ ਨੇ ਦੋਵਾਂ ਪੱਖਾਂ ਨੂੰ ਵਿਚੋਲਗੀ ਦੌਰਾਨ ਸਭ ਕੁਝ ਗੁਪਤ ਰੱਖਣ ਲਈ ਵੀ ਕਿਹਾ।

ਲਲਿਤ ਮੋਦੀ ਅਤੇ ਉਸ ਦੀ ਮਾਂ ਨੇ 28 ਜੁਲਾਈ ਨੂੰ ਬੈਂਚ ਨੂੰ ਦੱਸਿਆ ਸੀ ਕਿ ਪਰਵਾਰ ਵਿੱਚ ਲੰਮੇ ਸਮੇਂ ਤੋਂ ਚੱਲ ਰਹੇ ਜਾਇਦਾਦ ਦੇ ਝਗੜੇ ਨੂੰ ਸੁਲਝਾਉਣ ਲਈ ਸੁਪਰੀਮ ਕੋਰਟ ਵੱਲੋਂ ਦੱਸੀ ਗਈ ਵਿਚੋਲਗੀ ਦੀ ਕੋਸ਼ਿਸ਼ ਨਾਕਾਮ ਰਹੀ ਹੈ। ਅਦਾਲਤ ਨੇ ਪਿਛਲੇ ਸਾਲ 16 ਦਸੰਬਰ ਨੂੰ ਪਰਵਾਰਕ ਜਾਇਦਾਦ ਦੇ ਵਿਵਾਦ ਵਿੱਚ ਦੋਵਾਂ ਪੱਖਾਂ ਦੀ ਸਹਿਮਤੀ ਲਈ ਅਤੇ ਅਦਾਲਤ ਦੇ ਸਾਬਕਾ ਜੱਜਾਂ ਜਸਟਿਸ ਵਿਕਰਮਜੀਤ ਸੇਨ ਅਤੇ ਜਸਟਿਸ ਕੁਰੀਅਨ ਜੋਸੇਫ ਨੂੰ ਵਿਚੋਲਗੀ ਕਰਨ ਤੇ ਇੱਕ ਢੁੱਕਵਾਂ ਹੱਲ ਲੱਭਣ ਵਿੱਚ ਮਦਦ ਕਰਨ ਲਈ ਨਿਯੁਕਤ ਕੀਤਾ ਸੀ।ਸੁਪਰੀਮ ਕੋਰਟ ਦਿੱਲੀ ਹਾਈ ਕੋਰਟ ਦੀ ਇੱਕ ਉਪ ਬੈਂਚ ਦੇ ਉਸ ਫੈਸਲੇ ਖਿਲਾਫ ਲਲਿਤ ਮੋਦੀ ਦੀ ਅਪੀਲ ਉੱਤੇ ਸੁਣਵਾਈ ਕਰ ਰਹੀ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਵਿਚੋਲਗੀ ਵਿਰੋਧੀ ਪਟੀਸ਼ਨ ਵਿਚਾਰ ਕਰਨਯੋਗ ਹੈ।

# 5 ਜੀ ਸਪੈਕਟਰਮ ਵਿਕਰੀ ਤੋਂ ਰਿਕਾਰਡ ਡੇਢ ਲੱਖ ਕਰੋੜ ਰੁਪਏ ਤੋਂ ਵੀ ਵੱਧ ਦੀ ਕਮਾਈ

### * 88,078 ਕਰੋੜ ਨਾਲ ਜੀਓ ਸਭ ਤੋਂ ਵੱਡਾ ਬੋਲੀਕਾਰ

ਨਵੀਂ ਦਿੱਲੀ, 2 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਨੂੰ ਕੱਲ੍ਹ ਖਤਮ ਹੋਈ 5ਜੀ ਦੂਰਸੰਚਾਰ ਸਪੈਕਟਰਮ ਦੀ ਵਿਕਰੀ ਤੋਂ ਕਰੋੜ ਰੁਪਏ ਤੋਂ ਵੱਧ ਕਮਾਈ ਹੋਈ ਹੈ।




ਇਸ ਨੀਲਾਮੀ ਵਿੱਚ ਅਰਬਪਤੀ ਮੁਕੇਸ਼ ਅੰਬਾਨੀ ਦੀ ਰਿਲਾਇੰਸ ਜੀਓ ਨੇ 88,078 ਕਰੋੜ ਰੁਪਏ ਦੀ ਬੋਲੀ ਲਾ ਕੇ ਨੀਲਾਮੀ ਵਿੱਚ ਵੇਚੀਆਂ ਗਈਆਂ ਸਾਰੀਆਂ ਹਵਾ ਦੀਆਂ ਏਅਰਵੇਵਜ਼ ਦਾ ਅੱਧਾ ਹਿੱਸਾ ਜਿੱਤ ਲਿਆ ਹੈ। ਟੈਲੀਕਾਮ ਬਾਰੇ ਮੰਤਰੀ ਅਸ਼ਵਨੀ ਵੈਸ਼ਨਵ ਨੇ ਦੱਸਿਆ ਕਿ 5ਜੀ ਦੂਰਸੰਚਾਰ ਸਪੈਕਟਰਮ ਦੀ ਵਿਕਰੀ ਤੋਂ ਕੁੱਲ 1,50,173 ਕਰੋੜ ਰੁਪਏ ਇਕੱਠੇ ਹੋਏ। ਅੱਤ-ਤੇਜ਼ ਰਫ਼ਤਾਰ ਨਾਲ ਇੰਟਰਨੈਟ ਕੁਨੈਕਟੀਵਿਟੀ ਦੇਣ ਵਾਲੇ ਅਤੇ 4ਜੀ ਨਾਲੋਂ ਦੱਸ ਗੁਣਾ ਤੇਜ਼ 5ਜੀ ਸਪੈਕਟਰਮ ਦੀ ਵਿਕਰੀ 4ਜੀ ਸਪੈਕਟਰਮ ਨਾਲੋਂ ਦੁੱਗਣੀ ਕੀਮਤ ਉੱਤੇ ਹੋਈ। 4ਜੀ ਸਪੈਕਟਰਮ ਦੀ ਵਿਕਰੀ ਬੀਤੇ ਸਾਲ 77,815 ਕਰੋੜ ਰੁਪਏ ਵਿੱਚ ਹੋਈ ਸੀ, ਜਦਕਿ ਸਾਲ 2010 ਵਿੱਚ 3ਜੀ ਸਪੈਕਟਰਮ ਦੀ ਸੇਲ 50.968.37 ਕਰੋੜ ਵਿੱਚ ਹੋਈ ਸੀ। ਟੈਲੀਕਾਮ ਕਾਰੋਬਾਰੀ ਸੁਨੀਲ ਭਾਰਤੀ ਮਿੱਤਲ ਦੀ ਭਾਰਤੀ ਏਅਰਟੈਲ ਨੇ 43,084 ਕਰੋੜ ਰੁਪਏ ਵਿੱਚ ਵੱਖ-ਵੱਖ ਬੈਂਡਾਂ ਵਿੱਚ 19,867 ਮੈਗਾਹਾਰਟਜ਼ ਏਅਰਵੇਵ ਖ਼ਰੀਦ ਕੀਤੀਆਂ ਹਨ। ਵੋਡਾਫੋਨ ਆਈਡੀਆ ਲਿਮਟਿਡ ਨੇ 18,784 ਕਰੋੜ ਦਾ ਸਪੈਕਟਰਮ ਖ਼ਰੀਦਿਆ ਹੈ। ਅਡਾਨੀ ਗਰੁੱਪ ਨੇ 400 ਮੈਗਾਹਾਰਟਜ਼ ਜਾਂ ਕੁੱਲ ਵਿਕੇ ਸਪੈਕਟਰਮ ਦੇ ਇੱਕ ਫ਼ੀਸਦੀ ਤੋਂ ਘੱਟ ਨੂੰ 212 ਕਰੋੜ ਰੁਪਏਦਾ ਖ਼ਰੀਦ ਕਰ ਲਿਆ। ਅਡਾਨੀ ਗਰੁੱਪ ਨੇ 26 ਗੀਗਾਹਾਰਟਜ਼ ਬੈਂਡ ਵਿੱਚ ਸਪੈਕਟਰਮ ਖ਼ਰੀਦਿਆ, ਜੋ ਜਨਤਕ ਨੈਟਵਰਕਾਂ ਲਈ ਨਹੀਂ ਹੈ। ਜੀਓ ਨੇ 700 ਮੈਗਾਹਾਰਟਜ਼ ਬੈਂਡ ਸਮੇਤ ਕਈ ਬੈਂਡਾਂ ਵਿੱਚ ਸਪੈਕਟਰਮ ਹਾਸਲ ਕੀਤਾ ਜੋ ਦੇਸ਼ ਦੇ ਸਾਰੇ 22 ਸਰਕਲਾਂ ਵਿੱਚ 6 ਤੋਂ 10 ਕਿਲੋਮੀਟਰ ਦੀ ਸਿਗਨਲ ਰੇਂਜ ਦੇਣ ਦੇ ਸਮਰੱਥ ਹੈ ਅਤੇ ਪੰਜਵੀਂ ਪੀੜ੍ਹੀ (5ਜੀ) ਲਈ ਬਿਹਤਰ ਆਧਾਰ ਬਣੇਗਾ। ਖੇਤਰ 700 ਮੈਗਾਹਰਟਜ਼ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਇੱਕ ਇਕ-ੱਲਾ ਟਾਵਰ ਕਾਫੀ ਸਾਰੇ ਇਲਾਕੇ ਨੂੰ ਕਵਰ ਕਰ ਸਕਦਾ ਹੈ।

# ਬੰਦ ਪਈ ਪਾਕਿ ਸਟੀਲ ਮਿਲ ਤੋਂ 10 ਬਿਲੀਅਨ ਤੋਂ ਵੱਧ ਕੀਮਤ ਦੀ ਜਾਇਦਾਦ ਚੋਰੀ

ਇਸਲਾਮਾਬਾਦ, 2 ਅਗਸਤ (ਪੋਸਟ ਬਿਊਰੋ)- ਕੁਝ ਪ੍ਰਬੰਧਕੀ ਅਧਿਕਾਰੀਆਂ ਦੀ ਮਿਲੀਭਗਤ ਨਾਲ ਪਾਕਿਸਤਾਨ ਸਟੀਲ ਮਿਲਸ (ਪੀ ਐਸ ਐਮ) ਤੋਂ 10 ਬਿਲੀਅਨ ਤੋਂ ਵੱਧ ਪਾਕਿਸਤਾਨੀ ਰੁਪਏ ਦੀ ਜਾਇਦਾਦ ਚੋਰੀ ਹੋ ਗਈ ਹੈ।



ਹੈਰਾਨੀ ਵਾਲਾ ਖੁਲਾਸਾ ਉਦੋਂ ਹੋਇਆ ਜਦੋਂ ਉਦਯੋਗ ਅਤੇ ਉਤਪਾਦਨ ਮੰਤਰਾਲਾ ਨੇ ਕੇਂਦਰੀ ਜਾਂਚ ਕਰਤਿਆਂ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਚੋਰੀ ਦੀਆਂ ਵੱਖ-ਵੱਖ ਘਟਨਾਵਾਂ ਦੀ ਜਾਣਕਾਰੀ ਦਿੱਤੀ, ਜੋ ਸਰਕਾਰੀ ਮਾਲਕੀ ਵਾਲੇ ਅਦਾਰੇ ਦੇ ਲੱਗਭਗ ਸਾਰੇ ਵਿਭਾਗਾਂ ਵਿੱਚ ਹੋਈ ਸੀ। ਪੀ ਐਸ ਐਮ ਨੇ 2015 ਵਿੱਚ ਕੰਮ ਬੰਦ ਕਰ ਦਿੱਤਾ ਸੀ।

ਮੰਤਰਾਲਾ ਵੱਲੋਂ ਕੇਂਦਰੀ ਜਾਂਚ ਕਰਤਿਆਂ ਨੂੰ ਲਿਖੇ ਪੱਤਰ ਅਨੁਸਾਰ ਚੋਰੀ ਦੀ ਘਟਨਾਵਾਂ ਵਿੱਚ ਸੁਰੱਖਿਆ ਵਿਭਾਗ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ। ਪੱਤਰ ਮੁਤਾਬਕ ਪੀ ਐਸ ਐਮ ਵੱਲੋਂ ਅੰਦਰੂਨੀ ਜਾਂਚ ਸ਼ੁਰੂ ਕੀਤੀ ਗਈ ਸੀ ਅਤੇ ਇਹ ਅਜੇ ਵੀ ਜਾਰੀ ਹੈ, ਪਰ ਕੁਝ ਸਪੱਸ਼ਟ ਨਹੀਂ ਹੋਇਆ। ਪੱਤਰ ਵਿੱਚ ਜ਼ਿਕਰ ਹੈ ਕਿ 27 ਜੁਲਾਈ ਨੂੰ ਕਰੀਬ 50 ਲੋਕਾਂ ਨੇ ਪਾਕਿਸਤਾਨ ਸਟੀਲ ਮਿਲਸ ਦੇ ਪਲਾਂਟ ਏਰੀਆ ਵਿੱਚ ਵੜ ਕੇ ਅਰਬਾਂ ਰੁਪਏ ਦਾ ਤਾਂਬਾ ਤੇ ਤਾਰ ਚੋਰੀ ਕਰ ਲਈ। ਇਸ ਨੂੰ ਦੇਸ਼ ਦੇ ਇਤਿਹਾਸ ਦੀ ਸਭ ਤੋਂ ਵੱਡੀ ਚੋਰੀ ਦੱਸਿਆ ਗਿਆ ਹੈ। ਮੌਜੂਦਾ ਸਰਕਾਰ ਜਾ ਜਾਂਚ ਏਜੈਂਸੀ ਨੇ ਅਜੇ ਤੱਕ ਇਸ ਮਾਮਲੇ ਉੱਤੇ ਕੋਈ ਟਿੱਪਣੀ ਨਹੀਂ ਕੀਤੀ। ਪੀ ਐਸ ਐਮ 2008 ਤੋਂ ਘਾਟੇ ਵਿੱਚ ਚੱਲਦੀ ਸੀ ਤੇ ਅੰਤ 2015 ਵਿੱਚ ਬੰਦ ਕਰ ਦਿੱਤਾ ਸੀ। ਇਸ ਨਾਲ ਸਰਕਾਰੀ ਖ਼ਜ਼ਾਨੇ ਨੂੰ 229 ਅਰਬ ਰੁਪਏ ਦਾ ਨੁਕਸਾਨ ਹੋਇਆ ਸੀ।

# ਜਬਲਪੁਰ ਦੇ ਹਸਪਤਾਲ ਵਿੱਚਅੱਗ ਕਾਰਨ 10 ਮੌਤਾਂ, 5 ਝੁਲਸੇ



ਜਬਲਪੁਰ, 2 ਅਗਸਤ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਜਬਲਪੁਰ ਵਿੱਚ ਇੱਕ ਨਿੱਜੀ ਹਸਪਤਾਲ ਵਿੱਚ ਕੱਲ੍ਹ ਦੁਪਹਿਰੇ ਅਚਾਨਕ ਭਿਆਨਕ ਅੱਗ ਲੱਗਣ ਨਾਲ 10 ਲੋਕਾਂ ਦੀ ਮੌਤ ਹੋ ਗਈ ਅਤੇ ਪੰਜ ਹੋਰ ਝੁਲਸ ਗਏ।

ਜਬਲਪੁਰ ਦੇ ਜ਼ਿਲ੍ਹਾ ਅਧਿਕਾਰੀ ਡਾ. ਇਲੈਯਾਰਾਜਾ ਟੀ ਨੇ ਦੱਸਿਆ ਕਿ ਮਰੀਜ਼ਾਂ ਨੂੰ ਹਸਪਤਾਲ ਵਿੱਚੋਂ ਕੱਢਣ ਦੀ ਮੁਹਿੰਮ ਚਲਾਈ ਗਈ ਹੈ। ਇਸ ਮੌਕੇ ਜਬਲਪੁਰ ਪੁਲਸ ਕੰਟ੍ਰੋਲ ਰੂਪ ਦੇ ਬੁਲਾਰੇ ਰਵਿੰਦਰ ਸਿੰਘ ਨੇ ਕਿਹਾ ਕਿ ਇਸ ਅੱਗ ਵਿੱਚ 10 ਲੋਕਾਂ ਦੀ ਮੌਤ ਹੋਈ ਅਤੇ ਚਾਰ ਝੁਲਸ ਗਏ। ਅਜੇ ਇਹ ਪਤਾ ਨਹੀਂ ਲੱਗ ਸਕਿਆ ਕਿ ਮ੍ਰਿਤਕਾਂ ਵਿੱਚ ਮਰੀਜ਼ ਸ਼ਾਮਲ ਸਨ ਜਾਂ ਨਹੀਂ। ਪੁਲਸ ਸੁਪਰਡੈਂਟ ਨੇ ਦੱਸਿਆ ਕਿ ਇਹ ਅੱਗ ਗੋਹਲਪੁਰ ਥਾਣਾ ਖੇਤਰ 'ਚ ਦਮੋਹ ਨਾਕਾ ਦੇ ਕੋਲ ਨਿਊ ਲਾਈਫ ਮੀਟਸਪੈਸ਼ਲਿਟੀ ਹਸਪਤਾਲ ਵਿੱਚ ਲੱਗੀ। ਉਨ੍ਹਾਂ ਕਿਹਾ ਕਿ ਲੱਗਦਾ ਹੈ ਕਿ ਅੱਗ ਸ਼ਾਰਟ ਸਰਕਟ ਕਾਰਨ ਲੱਗੀ ਹੈ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਟਵੀਟ ਕੀਤਾ,''ਜਬਲਪੁਰ ਦੇ ਇੱਕ ਹਸਪਤਾਲ ਵਿੱਚ ਭਿਆਨਕ ਅੱਗ ਲੱਗਣ ਦੀ ਘਟਨਾ ਦਾ ਦੁਖਦਾਇਕ ਸਮਾਚਾਰ ਮਿਲਿਆ ਹੈ। ਸੂਬਾ ਸਰਕਾਰ ਵੱਲੋਂ ਮ੍ਰਿਤਕਾਂ ਦੇ ਪਰਵਾਰਾਂ ਨੂੰ 5-5 ਲੱਖ ਰੁਪਏ ਅਤੇ ਗੰਭੀਰ ਰੂਪ ਵਿੱਚ ਜ਼ਖ਼ਮੀਆਂ ਨੂੰ 50-50 ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ।''

# ਪਾਕਿਸਤਾਨ ਵਿੱਚ ਨਾਜਾਇਜ਼ ਸਬੰਧਾਂ ਦੇ ਸ਼ੱਕ ਹੇਠ ਪੁਲਸ ਮੁਲਾਜ਼ਮ ਦੇ ਨੱਕ, ਕੰਨ ਤੇ ਬੁੱਲ੍ਹ ਵੱਢੇ

ਲਾਹੌਰ, 2 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੇ ਸੂਬਾ ਪੰਜਾਬ ਦੇ ਵਿਅਕਤੀ ਨੇ ਆਪਣੀ ਪਤਨੀ ਨੂੰ ਬਲੈਕਮੇਲ ਕਰਨ ਅਤੇ ਨਾਜਾਇਜ਼ ਸੰਬੰਧਾਂ ਮਜਬੂਰ ਕਰਨ ਦੇ ਦੋਸ਼ ਵਿੱਚ ਇੱਕ ਪੁਲਸ ਮੁਲਾਜ਼ਮ ਦੇ ਨੱਕ, ਕੰਨ ਤੇ ਬੁੱਲ੍ਹ ਵੱਢ ਦਿੱਤੇ ਹਨ। ਕੱਲ੍ਹ ਇਹ ਜਾਣਕਾਰੀ ਪੰਜਾਬ ਪੁਲਸ ਨੇ ਦਿੱਤੀ ਹੈ।




ਇਸ ਬਾਰੇ ਪੁਲਸ ਨੇ ਦੱਸਿਆ ਕਿ ਇੱਥੋਂ ਲਗਭਗ 200 ਕਿਲੋਮੀਟਰ ਦੂਰ ਝੰਗ ਜ਼ਿਲੇ ਵਿੱਚ ਐਤਵਾਰ ਮੁੱਖ ਦੋਸ਼ੀ ਮੁਹੰਮਦ ਇਫਤਿਖਾਰ ਤੇ ਉਸ ਦੇ ਸਾਥੀਆਂ ਨੇ ਕਾਂਸਟੇਬਲ ਕਾਸਿਮ ਹਯਾਤ ਨੂੰ ਪਹਿਲਾਂ ਤਸੀਹੇ ਦਿੱਤੇ ਅਤੇ ਫਿਰ ਉਸ ਦਾ ਨੱਕ, ਕੰਨ ਅਤੇ ਬੁੱਲ੍ਹ ਵੱਢ ਦਿੱਤੇ। ਪੁਲਸ ਅਧਿਕਾਰੀ ਨੇ ਦੱਸਿਆ ਕਿ ਇਫਤਿਖਾਰ ਨੂੰ ਸ਼ੱਕ ਸੀ ਕਿ ਹਯਾਤ ਦੇ ਉਸ ਦੀ ਪਤਨੀ ਨਾਲ ਨਾਜਾਇਜ਼ ਸੰਬੰਧ ਹਨ। ਉਸ ਨੇ ਆਪਣੇ 12 ਸਾਥੀਆਂ ਨਾਲ ਮਿਲ ਕੇ ਹਯਾਤ ਨੂੰ ਅਗਵਾ ਕਰ ਲਿਆ ਅਤੇ ਸੁੰਨਸਾਨ ਥਾਂ ਲਿਜਾ ਕੇ ਉਸ ਨੂੰ ਤਸੀਹੇ ਦੇਣ ਮਗਰੋਂ ਤੇਜ਼ਧਾਰ ਹਥਿਆਰ ਨਾਲ ਉਸ ਦੇ ਸਰੀਰ ਦੇ ਅੰਗ ਕੱਟ ਦਿੱਤੇ। ਉਨ੍ਹਾਂ ਦੱਸਿਆ ਕਿ ਹਯਾਤ ਨੂੰ ਹਸਪਤਾਲ ਦਾਖਲ ਕਰਾਇਆ ਹੈ, ਜਿੱਥੇ ਉਸ ਦੀ ਹਾਲਤ ਗੰਭੀਰ ਦੱਸੀ ਗਈ ਹੈ। ਪਿਛਲੇ ਮਹੀਨੇ ਇਫਤਿਖਾਰ ਨੇ ਹਯਾਤ ਦੇ ਖਿਲਾਫ ਔਰਤ ਉੱਤੇ ਹਮਲਾ, ਜਬਰੀ ਵਸੂਲੀ ਅਤੇ ਅਸ਼ਲੀਲਤਾ ਦੇ ਦੋਸ਼ ਹੇਠ ਕੇਸ ਦਰਜ ਕਰਵਾਇਆ ਸੀ। ਇਫਤਿਖਾਰ ਦਾ ਦਾਅਵਾ ਸੀ ਕਿ ਹਯਾਤ ਨੇ ਉਸ ਦੇ ਬੇਟੇ ਨੂੰ ਜਾਨੋਂ ਮਾਰਨ ਦੀ ਧਮਕੀ ਦਿੰਦਿਆਂ ਉਸ ਦੀ ਪਤਨੀ ਨੂੰ ਨਾਜਾਇਜ਼ ਸੰਬੰਧ ਬਣਾਉਣ ਲਈ ਮਜਬੂਰ ਕੀਤਾ ਸੀ। ਪੁਲਸ ਨੇ ਦੱਸਿਆ ਕਿ ਇਫਤਿਖਾਰ ਅਤੇ ਉਸ ਦੇ ਸਾਥੀਆਂ ਦੀ ਭਾਲ ਲਈ ਛਾਪੇ ਮਾਰੇ ਜਾ ਰਹੇ ਹਨ।

### ਕਰਨਾਟਕ ਹਾਈ ਕੋਰਟ ਦਾ ਹੁਕਮ:

# ਵਾਹਨ ਦਾ ਪਰਮਿਟ ਨਾ ਹੋਣ ਉੱਤੇ ਵੀ ਬੀਮਾ ਕੰਪਨੀ ਮੁਆਵਜ਼ਾ ਦੇਵੇਗੀ

ਬੇਂਗਲੁਰੂ, 2 ਅਗਸਤ (ਪੋਸਟ ਬਿਊਰੋ)- ਕਰਨਾਟਕ ਹਾਈ ਕੋਰਟ ਨੇ ਕਿਹਾ ਹੈ ਕਿ ਜੇ ਕਿਸੇ ਵੀ ਵਾਹਨ ਦੇ 'ਫਿਟਨੈਸ ਸਰਟੀਫਿਕੇਟ' ਅਤੇ 'ਪਰਮਿਟ' ਦਾ ਨਵੀਨੀਕਰਨ ਨਹੀਂ ਕੀਤਾ ਗਿਆ, ਪਰ ਬੀਮਾ ਪਾਲਿਸੀ ਲਾਗੂ ਹੈ ਤਾਂ ਬੀਮਾ ਕੰਪਨੀ ਫਿਰ ਵੀ ਮੁਆਵਜ਼ਾ ਦੇਣ ਦੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ।



ਹਾਈ ਕੋਰਟ ਨੇ ਇਸ ਸਬੰਧੀ ਹੇਠਲੀ ਅਦਾਲਤ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਹੈ। ਹੇਠਲੀ ਅਦਾਲਤ ਨੇ ਇੱਕ ਸਕੂਲ ਬੱਸ ਦੇ ਮਾਲਕ ਨੂੰ ਹਾਦਸੇ ਦੇ ਪੀੜਤ ਪਰਵਾਰ ਨੂੰ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਸੀ।ਹਾਈ ਕੋਰਟ ਨੇ ਬੀਮਾ ਕੰਪਨੀ ਨੂੰ ਮੁਆਵਜ਼ੇ ਦੀ ਪੂਰੀ ਰਕਮ ਦਾ ਭੁਗਤਾਨ ਕਰ ਕੇ ਸਕੂਲ ਬੱਸ ਦੇ ਮਾਲਕ ਨੂੰ ਹੋਏ ਨੁਕਸਾਨ ਦੀ ਪੂਰਤੀ ਕਰਨ ਦਾ ਹੁਕਮ ਦਿੱਤਾ। ਅਦਾਲਤ ਨੇ ਕਿਹਾ,''ਇਸ ਮਾਮਲੇ ਵਿੱਚ ਬੀਮਾ ਪਾਲਿਸੀ ਹਾਦਸੇ ਵਾਲੇ ਦਿਨ ਲਾਗੂ ਸੀ ਪਰ ਪਰਮਿਟ ਅਤੇ ਫਿਟਨੈਸ ਸਰਟੀਫਿਕੇਟ ਦੀ ਮਿਆਦ ਖਤਮ ਹੋ ਗਈ ਸੀ।'' ਅਦਾਲਤ ਨੇ ਕਿਹਾ,''ਜੇ ਫਿਟਨੈਸ ਸਰਟੀਫਿਕੇਟ ਦੀ ਮਿਆਦ ਰਹਿੰਦੀ ਤਾਂ ਬੀਮਾ ਕੰਪਨੀ ਪਾਲਿਸੀ ਜਾਰੀ ਹੀ ਨਾ ਕਰਦੀ, ਪਰ ਲੱਗਦਾ ਹੈ ਕਿ ਪਾਲਿਸੀ ਜਾਰੀ ਹੋਣ ਤੋਂ ਬਾਅਦ ਫਿਟਨੈਸ ਸਰਟੀਫਿਕੇਟ ਦੀ ਮਿਆਦ ਖਤਮ ਹੋ ਗਈ।''ਹਾਈ ਕੋਰਟ ਨੇ ਕਿਹਾ ਕਿ ਜਿੱਥੋਂ ਤਕ ਪਰਮਿਟ ਦੀ ਗੱਲ ਹੈ, ਇਹ ਮੌਜੂਦਾ ਪਰਮਿਟ ਦੀ ਮਿਆਦ ਲਈ ਅਪਲਾਈ ਕੀਤਾ ਗਿਆ ਸੀ ਤਾਂ 'ਉਸ ਵਿਚਲੀ ਮਿਆਦ ਲਈ ਅਸਥਾਈ ਪਰਮਿਟ ਜਾਰੀ ਕੀਤਾ ਗਿਆ ਅਤੇ ਇਸ ਦਾ ਨਵੀਨੀਕਰਨ ਨਾਲ ਕੋਈ ਲੈਣ-ਦੇਣਾ ਨਹੀਂ ਸੀ।''

# ਮੁੰਬਈ ਵਿੱਚੋਂ ਲਾਪਤਾ ਔਰਤ ਦਾ ਦੋ ਦਹਾਕਿਆਂ ਪਿੱਛੋਂ ਆਪਣੇ ਪਰਿਵਾਰ ਨਾਲ ਸੰਪਰਕ

### * ਕੰਮ ਲਈ ਦੁਬਈ ਗਈ ਹਮੀਦਾ ਬਾਨੋ ਪਾਕਿਸਤਾਨ ਪਹੁੰਚੀ

ਮੁੰਬਈ, 2 ਅਗਸਤ (ਪੋਸਟ ਬਿਊਰੋ)- ਮੁੰਬਈ ਤੋਂ ਵੀਹ ਵਰ੍ਹੇ ਪਹਿਲਾਂ ਵਿਦੇਸ਼ ਜਾਣ ਮਗਰੋਂ ਲਾਪਤਾ ਹੋਈ ਇੱਕ ਔਰਤ ਦੇ ਪਾਕਿਸਤਾਨ ਵਿੱਚ ਹੋਣ ਦਾ ਸੋਸ਼ਲ ਮੀਡੀਆ ਦੀ ਮਦਦ ਨਾਲ ਪਤਾ ਲੱਗਾ ਹੈ।



ਹਮੀਦਾ ਬਾਨੋ (70) ਪਾਕਿ-ਸਤਾਨ ਦੇ ਹੈਦਰਾਬਾਦ ਵਿੱਚ ਰਹਿ ਰਹੀ ਹੈ, ਉਸ ਦਾ ਪਿੱਛੇ ਜਿਹੇ ਇੱਥੇ ਉਪ-ਨਗਰ ਕੁਰਲਾ ਵਿੱਚ ਰਹਿੰਦੇ ਆਪਣੇ ਪਰਵਾਰ ਨਾਲ ਸੰਪਰਕ ਹੋਇਆ ਹੈ। ਉਹ 2002 ਵਿੱਚ ਦੁਬਈ ਵਿੱਚ ਕੰਮ ਕਰਨ ਗਈ ਸੀ। ਉਸ ਦੇ ਪਰਵਾਰ ਦੇ ਮੁਤਾਬਕ ਉਸ ਨੇ ਪਾਕਿਸਤਾਨ ਵਿੱਚ ਇੱਕ ਕਾਰਕੁੰਨ ਵਲੀਉਲ੍ਹਾ ਮਾਰੂਫ ਨੂੰ ਦੱਸਿਆ ਕਿ ਵੀਹ ਸਾਲ ਪਹਿਲਾਂ ਮੁੰਬਈ ਦੇ ਇੱਕ ਏਜੰਟ ਨੇਦੁਬਈ ਵਿੱਚ ਕੰਮ ਦਿਵਾਉਣ ਦਾ ਵਾਅਦਾ ਕਰ ਕੇ ਧੋਖੇ ਨਾਲ ਪਾਕਿਸਤਾਨ ਭੇਜ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਇਸ ਪਿੱਛੋਂ ਹਮੀਦਾ ਬਾਨੋ ਸੂਬਾ ਸਿੰਧ ਦੇ ਸ਼ਹਿਰ ਹੈਦਰਾਬਾਦ ਵਿੱਚ ਰਹਿਣ ਲੱਗ ਪਈ ਅਤੇ ਉਥੇ ਇੱਕ ਵਿਅਕਤੀ ਨਾਲ ਵਿਆਹ ਕਰਵਾ ਲਿਆ। ਉਸ ਦਾ ਇੱਕ ਬੱਚਾ ਹੈ ਅਤੇ ਪਤੀ ਦੀ ਮੌਤ ਹੋ ਚੁੱਕੀ ਹੈ।ਉਸ ਦੀ ਕਹਾਣੀ ਸੁਣਨ ਮਗਰੋਂ ਮਾਰੂਫ ਨੇ ਮਦਦ ਦੇ ਮਕਸਦ ਨਾਲ ਬਾਨੋ ਦੀ ਇੱਕ ਵੀਡੀਓ ਕਲਿੱਪ ਯੂ-ਟਿਊਬ ਚੈਨਲ ਉੱਤੇ ਅਪਲੋਡ ਕੀਤੀ, ਜਿਸ ਨੂੰ ਮੁੰਬਈ ਦੇ ਸਮਾਜ ਸੇਵੀ ਕਾਰਕੁੰਨ ਖਫਲਾਨ ਸ਼ੇਖ਼ ਨੇ ਦੇਖਿਆ। ਉਸ ਨੇ ਵੀਡੀਓ ਲੋਕਲ ਗਰੁੱਪਾਂ ਵਿੱਚ ਸਾਂਝੀ ਕੀਤੀ ਤੇ ਬਾਨੋ ਦੀ ਬੇਟੀ ਯਾਸਮੀਨ ਬਸ਼ੀਰ ਸ਼ੇਖ਼ ਦਾ ਪਤਾ ਲਾਇਆ, ਜਿਹੜੀ ਕੁਰਲਾ ਦੇ ਕਸਾਈਵਾੜਾ ਵਿੱਚ ਰਹਿੰਦੀ ਹੈ।ਯਾਸਮੀਨ ਨੇ ਕਿਹਾ, ''ਮੇਰੀ ਮਾਂ 2002 ਵਿੱਚ ਭਾਰਤ ਤੋਂ ਏਜੰਟ ਰਾਹੀਂ ਕੰਮ ਲਈ ਦੁਬਈ ਗਈ ਸੀ, ਪਰ ਏਜੰਟ ਦੇ ਧੋਖੇ ਕਾਰਨ ਪਾਕਿਸਤਾਨ ਪਹੁੰਚ ਗਈ। ਸਾਨੂੰ ਨਹੀਂ ਸੀ ਪਤਾ ਕਿ ਉਹ ਕਿੱਥੇ ਹੈ ਤੇ ਉਸੇ ਏਜੰਟ ਰਾਹੀਂ ਸਿਰਫ ਇੱਕ ਵਾਰ ਸਾਡਾ ਉਸ (ਮਾਂ) ਨਾਲ ਸੰਪਰਕ ਹੋਇਆ ਸੀ।'' ਉਸ ਨੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਬਾਨੋ ਕੰਮ ਕਰਨ ਵਾਸਤੇ ਕਤਰ ਵੀ ਗਈ ਸੀ। ਯਾਸਮੀਨ ਨੇ ਆਖਿਆ, ''ਅਸੀਂ ਖੁਸ਼ ਹਾਂ ਕਿ ਸਾਡੀ ਮਾਂ ਜ਼ਿੰਦਾ ਅਤੇ ਸੁਰੱਖਿਅਤ ਹੈ। ਅਸੀਂ ਉਨ੍ਹਾਂ ਨੂੰ ਵਾਪਸ ਲਿਆਉਣ ਲਈ ਭਾਰਤ ਸਰਕਾਰ ਤੋਂ ਮਦਦ ਚਾਹੁੰਦੇ ਹਾਂ।''

## ਸਾਬਕਾ ਪਾਕਿ ਪ੍ਰਧਾਨ ਮੰਤਰੀ ਸ਼ਾਹਿਦ ਅੱਬਾਸੀ ਉਤੇ ਭਾਰਤੀ ਕੰਪਨੀ ਤੋਂ ਰਿਸ਼ਵਤ ਲੈਣ ਦਾ ਦੋਸ਼

ਇਸਲਾਮਾਬਾਦ, 2 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਤਹਿਰੀਕੇ ਇਨਸਾਫ (ਪੀ ਟੀ ਆਈ) ਪਾਰਟੀ ਦੇ ਮੁਖੀ ਇਮਰਾਨ ਖਾਨ ਦੇ ਚੀਫ ਆਫ ਸਟਾਫ ਸ਼ਾਹਬਾਜ਼ ਗਿੱਲ ਨੇ ਕੱਲ੍ਹ ਸਾਬਕਾ ਪ੍ਰਧਾਨ ਮੰਤਰੀ ਸ਼ਾਹਿਦ ਖਾਕਾਨ ਅੱਬਾਸੀ ਉੱਤੇ ਪਾਕਿਸਤਾਨ ਮੁਸਲਿਮ ਲੀਗ (ਪੀ ਐਮ ਐਲ-ਐਨ) ਦੇ ਮੁਖੀ ਨਵਾਜ਼ ਸ਼ਰੀਫ ਦੇ ਕੈਬਨਿਟ ਵਿੱਚ ਪੈਟਰੋਲੀਅਮ ਮੰਤਰੀ ਹੁੰਦਿਆਂ ਇੱਕ ਭਾਰਤੀ ਕੰਪਨੀ ਤੋਂ ਰਿਸ਼ਵਤ ਲੈਣ ਦਾ ਦੋਸ਼ ਲਾਇਆ ਹੈ।



ਸ਼ਾਹਬਾਜ਼ ਗਿੱਲ ਨੇ ਦੋਸ਼ ਲਾਇਆ ਕਿ ਅੱਬਾਸੀ ਨੇ ਕੰਸਲਟੈਂਸੀ ਫੀਸ ਵਜੋਂ ਭਾਰਤੀ ਫਰਮ ਤੋਂ 14 ਕਰੋੜ ਪੀ ਕੇ ਆਰ ਰਿਸ਼ਵਤ ਲਈ ਤੇ ਤਿੰਨ ਲੈਣ-ਦੇਣ ਵਿੱਚ ਇੱਕ ਦਸੰਬਰ 2016 ਅਤੇ ਦੋ ਜਨਵਰੀ 2017 ਨੂੰ ਪੈਸੇ ਉਨ੍ਹਾਂ ਦੇ ਬੈਂਕ ਖਾਤੇ ਵਿੱਚ ਟਰਾਂਸਫਰ ਕੀਤੇ ਗਏ। ਗਿੱਲ ਨੇ ਕਿਹਾ ਕਿ ਉਨ੍ਹਾਂ ਦੇ ਅਤੇ ਅੱਬਾਸੀ ਦੇ ਇੱਕੋ ਬੈਂਕ ਵਿੱਚ ਖਾਤੇ ਹਨ ਅਤੇ ਮੰਗ ਕੀਤੀ ਕਿ ਦੋਵਾਂ ਖਾਤਿਆਂ ਦਾ ਵੇਰਵਾ ਜਨਤਾ ਸਾਹਮਣੇ ਰੱਖਿਆ ਜਾਏ। ਉਨ੍ਹਾਂ ਦਾਅਵਾ ਕੀਤਾ ਕਿ ਸਾਬਕਾ ਪ੍ਰਧਾਨ ਮੰਤਰੀ ਨੇ ਇਸ ਅਹੁਦੇ ਉੱਤੇ ਹੁੰਦਿਆਂ ਇੱਕ ਇਮਾਨਦਾਰ ਵਿਅਕਤੀ ਹੋਣ ਦਾ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਸੀ, ਪਰੰਤੂ ਇਹ ਅਸਲੀਅਤ ਤੋਂ ਬਹੁਤ ਦੂਰ ਸੀ। ਸ਼ਾਹਬਾਜ਼ ਗਿੱਲ ਦੇ ਦੋਸ਼ਾਂ ਦਾ ਜਵਾਬ ਦਿੰਦੇ ਹੋਏ ਅੱਬਾਸੀ ਨੇ ਪੀ ਟੀ ਆਈ ਦੇ ਨੇਤਾ ਨੂੰ ਚੁਣੌਤੀ ਦਿੱਤੀ ਕਿ ਜੇ ਉਨ੍ਹਾਂ ਕੋਲ ਸਬੂਤ ਹਨ ਤਾਂ ਮਾਮਲਾ ਕੋਰਟ ਵਿੱਚ ਲੈ ਜਾਣ। ਇਸਲਾਮਾਬਾਦ ਤੋਂ ਇੱਕ ਬਿਆਨ ਵਿੱਚ ਸਾਬਕਾ ਪ੍ਰਧਾਨ ਮੰਤਰੀ ਅੱਬਾਸੀ ਨੇ ਕਿਹਾ ਕਿ ਪੀ ਟੀ ਆਈ ਅਤੇ ਉਸ ਦੀ 'ਕਚਰਾ ਬ੍ਰਿਗੇਡ' ਚਾਰ ਸਾਲਾਂ ਤੋਂ ਦੇਸ਼ ਉਤੇ ਸ਼ਾਸਨ ਕਰ ਰਹੀ ਹੈ ਅਤੇ ਉਸ ਦੇ ਖਿਲਾਫ ਦੋ ਕੇਸ ਬਣਾਏ ਹਨ। ਅੱਬਾਸੀ ਨੇ ਆਪਣੇ ਰਾਜਨੀਤਕ ਮੁਕਾਬਲੇਬਾਜ਼ ਨੂੰ ਆਪਣੇ ਖਿਲਾਫ ਇੱਕ ਹੋਰ ਕੇਸ ਕਰਨ ਅਤੇ ਸਬੂਤ ਪੇਸ਼ ਕਰਨ ਲਈ ਚੁਣੌਤੀ ਦਿੱਤੀ ਹੈ।

# 67 ਸਾਲ ਤੋਂ ਨਾ ਨਹਾਉਣ ਵਾਲਾ 87 ਸਾਲਾ ਬਜ਼ੁਰਗ ਪੂਰਾ ਸਿਹਤਮੰਦ

ਨਵੀਂ ਦਿੱਲੀ, 2 ਅਗਸਤ (ਪੋਸਟ ਬਿਊਰੋ)- ਸਰਦੀਆਂ ਵਿੱਚ ਨਹਾਉਣਾ ਹਰ ਕਿਸੇ ਨੂੰ ਮੁਸ਼ਕਲ ਕੰਮ ਲੱਗਦਾ ਹੈ। ਫਿਰ ਵੀ ਲੋਕ ਨਹਾ ਲੈਂਦੇ ਹਨ, ਪਰ ਇੱਕ ਇਹ ਇਨਸਾਨ ਬੀਤੇ 67 ਸਾਲਾਂ ਤੋਂ ਨਹਾਇਆ ਹੀ ਨਹੀਂ ਹੈ। ਇਹ ਸ਼ਖਸ ਈਰਾਨ ਦਾ ਰਹਿਣ ਵਾਲਾ ਹੈ, ਜਿਸਦਾ ਨਾਂ ਅਮੋ ਹਾਜੀ ਹੈ ਅਤੇ ਉਮਰ 87 ਸਾਲ ਹੈ।



ਅਮੋ ਹਾਜੀ ਪਿਛਲੇ 67 ਸਾਲ ਤੋਂ ਨਹੀਂ ਨਹਾਇਆ। ਉਸ ਨੇ ਇੰਨੇ ਸਾਲਾਂ ਵਿੱਚ ਆਪਣੇ ਸਰੀਰ ਉੱਤੇ ਪਾਣੀ ਤਕ ਨਹੀਂ ਪਾਇਆ, ਇਸ ਲਈ ਉਸ ਨੂੰ ਦੁਨੀਆ ਦਾ ਸਭ ਤੋਂ ਗੰਦਾ ਇਨਸਾਨ ਕਿਹਾ ਜਾਂਦਾ ਹੈ। ਉਨ੍ਹਾਂ ਦੀ ਸਿਹਤ ਜਾਂਚ ਕਰਨ ਵਾਲੇ ਡਾਕਟਰਾਂ ਨੇ ਹੈਰਾਨ ਕਰਨ ਵਾਲੀ ਗੱਲ ਦੱਸੀ ਹੈ।ਅਮੋ ਹਾਜੀ ਇਸ ਲਈ ਨਹੀਂ ਨਹਾਉਂਦਾ ਕਿ ਉਨ੍ਹਾਂ ਨੂੰ ਪਾਣੀ ਤੋਂ ਡਰ ਲੱਗਦਾ ਹੈ। ਉਸ ਨੂੰ ਇਸ ਗੱਲ ਦਾ ਵੀ ਡਰ ਹੈ ਕਿ ਉਹ ਜੇ ਨਹਾਏਗਾ ਤਾਂ ਬੀਮਾਰ ਪੈ ਜਾਏਗਾ। ਇਸ ਲਈ ਉਹ ਨਹਾਉਂਦਾ ਨਹੀਂ ਅਤੇ ਉਸ ਦਾ ਚਿਹਰਾ ਕਾਲਾ ਪੈ ਗਿਆ ਅਤੇ ਪੂਰਾ ਸਰੀਰ ਬਦਬੂਦਾਰ ਹੋ ਗਿਆ ਹੈ। ਉਸ ਦੇ ਕੋਲ ਕੋਈ ਖੜ੍ਹਾ ਨਹੀਂ ਹੁੰਦਾ। ਇਸ ਦੇ ਕਾਰਨ ਉਹ ਈਰਾਨ ਦੇ ਰੇਗਿਸਤਾਨ ਵਿੱਚ ਇਕੱਲਾ ਰਹਿੰਦਾਹੈ।

87 ਸਾਲਾ ਹਾਜੀ ਇਸ ਸਮੇਂ ਦੇਜਗਾਹ ਪਿੰਡ ਦੀ ਇੱਕ ਝੌਂਪੜੀ ਵਿੱਚ ਰਹਿੰਦਾ ਹੈ। ਸਥਾਨਕ ਲੋਕਾਂ ਨੇ ਇਹ ਝੌਂਪੜੀ ਉਸੇ ਲਈ ਬਣਾਈ ਹੈ।ਅਮੋ ਹਾਜੀ ਠੰਡ ਤੋਂ ਬਚਣ ਲਈ ਜੋ ਉਪਾਅ ਕਰਦਾ ਹੈ, ਉਸ ਬਾਰੇ ਜਾਣਕੇ ਹੈਰਾਨ ਹੋ ਜਾਓਗੇ। ਰਿਪੋਰਟ ਮੁਤਾਬਕ ਜੰਗ ਦੌਰਾਨ ਵਰਤੇ ਗਏ ਪੁਰਾਣੇ ਹੈਲਮੇਟ ਨੂੰ ਉਹ ਠੰਡ ਤੋਂ ਬਚਣ ਲਈ ਪਹਿਨਦਾ ਹੈ। ਇੱਕੋ ਕੱਪੜਾ ਕਈ ਸਾਲਾਂ ਤੋਂ ਉਹ ਪਹਿਨ ਰਿਹਾ ਹੈ। ਨਵੇਂ ਮਿਲਣ ਵਾਲੇ ਕੱਪੜਿਆਂ ਨੂੰ ਉਹ ਉਸੇ ਉਪਰ ਪਾ ਲੈਂਦਾ ਹੈ।ਜਦੋਂ ਡਾਕਟਰਾਂ ਨੇ ਝੌਂਪੜੀ ਦਾ ਦੌਰਾ ਕੀਤਾ ਅਤੇ ਅਮੋ ਹਾਜੀ ਦੀ ਸਿਹਤ ਦੀ ਜਾਂਚ ਕੀਤੀ, ਤਾਂ ਉਹ ਹੈਰਾਨ ਰਹਿ ਗਏ। ਡਾਕਟਰਾਂ ਨੇ ਜਾਂਚ ਵਿੱਚ ਪਤਾ ਲਾਇਆ ਕਿ ਉਹ ਬਿਲਕੁੱਲ ਸਿਹਤਮੰਦ ਹੈ। ਉਸ ਦੇ ਸਰੀਰ ਵਿੱਚ ਕੋਈ ਬੈਕਟੀਰੀਆ ਜਾਂ ਗੰਭੀਰ ਬੀਮਾਰੀ ਨਹੀਂ ਸੀ। ਉਹ ਇੱਕ ਚੰਗੇ ਸਾਫ਼-ਸੁਥਰੇ ਘਰ ਵਿੱਚ ਨਿਯਮਤ ਤੌਰ ਉੱਤੇ ਰਹਿਣ ਵਾਲੇ ਇਨਸਾਨ ਵਾਂਗ ਸਿਹਤਮੰਦ ਸੀ।




# ਝਾਰਖੰਡ ਕਾਂਗਰਸ ਦੇ 14 ਵਿਧਾਇਕ ਗੋਹਾਟੀ ਦੇ ਚੱਕਰ ਲਾ ਚੁੱਕੇ ਹਨ

ਰਾਂਚੀ, 2 ਅਗਸਤ (ਪੋਸਟ ਬਿਊਰੋ)- ਝਾਰਖੰਡ ਕਾਂਗਰਸ ਦੇ ਤਿੰਨ ਵਿਧਾਇਕਾਂ ਦੇ 49 ਲੱਖ ਦੀ ਨਗਦੀ ਨਾਲ ਫੜੇ ਜਾਣ ਦੇ ਬਾਅਦ ਪਾਰਟੀ ਉਨ੍ਹਾਂ ਵਿਧਾਇਕਾਂ ਦਾ ਹਿਸਾਬ ਕਰਨ ਵਿੱਚ ਲੱਗ ਗਈਹੈ, ਜਿਹੜੇ ਕਿਸੇ ਨਾ ਕਿਸੇ ਬਹਾਨੇ ਗੋਹਾਟੀ ਦਾ ਚੱਕਰ ਲਾਉਂਦੇ ਸਨ। ਇਸ ਵਿੱਚੋਂ ਕਈ ਵਿਧਾਇਕ ਦੰਦ ਅਤੇ ਅੱਖ ਵਿੱਚ ਦਰਦ ਦਾ ਇਲਾਜ ਕਰਾਉਣ ਦੇ ਨਾਂਅ ਉੱਤੇ ਨਵੀਂ ਦਿੱਲੀ ਗਏ ਅਤੇ ਉਥੋਂ ਗੋਹਾਟੀ ਦਾ ਚੱਕਰ ਲਾ ਆਏ। ਕਾਂਗਰਸ ਹਾਈਕਮਾਨ ਤਕ ਅਜਿਹੇ ਵਿਧਾਇਕਾਂ ਦੇ ਨਾਂਅ ਪਹੁੰਚ ਗਏ ਹਨ। ਪਾਰਟੀ ਸੂਤਰਾਂ ਅਨੁਸਾਰ ਅਜਿਹੇ ਵਿਧਾਇਕਾਂ ਦੀ ਗਿਣਤੀ ਇੱਕ-ਦੋ ਨਹੀਂ, ਕਰੀਬ 14 ਹੈ। ਕੁੱਲ 18 ਵਿਧਾਇਕਾਂ ਵਿੱਚੋਂ 14 ਦੇ ਨਾਂਅ ਇਸ ਸੂਚੀ ਵਿੱਚ ਸ਼ਾਮਲ ਹੋਣ ਦੀ ਗੱਲ ਕਹੀ ਜਾਂ ਰਹੀ ਹੈ। ਇਧਰ ਕਾਂਗਰਸ ਵਿੱਚ ਨਾਰਾਜ਼ ਵਿਧਾਇਕਾਂ ਦੀ ਗਿਣਤੀ ਵਧਦੀ ਗਈ ਹੈ। ਇਸ ਦਾ ਮਹੱਤਵਪੂਰਨ ਕਾਰਨ ਇਸ ਬਾਰੇ ਕੇਂਦਰੀ ਲੀਡਰਸ਼ਿਪ ਦਾ ਢਿੱਲਾ ਰਵੱਈਆ ਹੈ। ਕਾਂਗਰਸ ਹਾਈਕਮਾਨ ਨੂੰ ਅਜਿਹੇ ਵਿਧਾਇਕਾਂ ਦੀ ਜੋ ਸੂਚੀ ਪਹੁੰਚੀ ਹੈ, ਉਨ੍ਹਾਂ ਵਿੱਚ ਦੋ ਮੰਤਰੀਆਂ ਦੇ ਨਾਂਅ ਵੀ ਹਨ। ਇਸ ਦੇ ਇਲਾਵਾ ਚਾਰ ਵਿੱਚੋਂ ਦੋ ਮਹਿਲਾ ਵਿਧਾਇਕ ਗੋਹਾਟੀ ਦੇ ਚੱਕਰ ਲਾ ਚੁੱਕੀਆਂ ਹਨ। ਇਨ੍ਹਾਂ ਵਿੱਚੋਂ ਇੱਕ ਆਪਣੇ ਪਿਤਾ ਨੂੰ ਜ਼ਮਾਨਤ ਦਿਵਾਉਣ ਲਈ ਵਕੀਲ ਨੂੰ ਮਿਲਣ ਜਾਣ ਦੀ ਗੱਲ ਕਹਿ ਕੇ ਨਵੀਂ ਦਿੱਲੀ ਜਾਂਦੀ ਸੀ। ਪੂਰੀ ਰਿਪੋਰਟ ਕਾਂਗਰਸ ਦੇ ਨਾਲ ਝਾਰਖੰਡ ਮੁਕਤੀ ਮੋਰਚ ਕੋਲ ਵੀ ਹੈ।

## ਨੋਟਬੰਦੀ ਦੇ ਬਾਵਜੂਦ ਦੋ ਹਜ਼ਾਰ ਵਾਲੇ ਜਾਅਲੀ ਨੋਟਾਂ ਦੀ ਗਿਣਤੀ 107 ਫੀਸਦ ਵਧੀ

ਨਵੀਂ ਦਿੱਲੀ, 2 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਕੀਤੀ ਨੋਟਬੰਦੀ ਦੇ ਛੇ ਸਾਲਾਂ ਬਾਅਦ ਵੀ ਮਾਰਕੀਟ ਵਿੱਚ ਜਾਅਲੀ ਨੋਟਾਂ ਦਾ ਵਾਧਾ ਲਗਤਾਰ ਜਾਰੀ ਹੈ। ਨੋਟਬੰਦੀ ਪਿੱਛੋਂ 2016 ਤੋਂ 2020 ਵਿੱਚ 2000 ਰੁਪਏ ਦੇ ਨੋਟਾਂ ਦੀ ਗਿਣਤੀ ਵਿੱਚ 107 ਗੁਣਾਂ ਵਾਧਾ ਹੋਇਆ ਦੱਸਿਆ ਜਾ ਰਿਹਾ ਹੈ।



ਕੱਲ੍ਹ ਲੋਕ ਸਭਾ ਨੂੰ ਦਿੱਤੇ ਲਿਖਤੀ ਜਵਾਬ ਵਿੱਚ ਵਿੱਤ ਰਾਜ ਮੰਤਰੀ ਪੰਕਜ ਚੌਧਰੀ ਨੇ ਦੱਸਿਆ ਕਿ 2016 ਵਿੱਚ 2000 ਰੁਪਏ ਦੇ 2272 ਨੋਟ, 2017 ਵਿੱਚ 74,898 ਨੋਟ, 2018 ਵਿੱਚ 54,776 ਨੋਟ, 2019 ਵਿੱਚ 90,566 ਅਤੇ 2020 ਵਿੱਚ 2,44,834 ਜਾਅਲੀ ਨੋਟ ਜ਼ਬਤ ਕੀਤੇ ਗਏ ਸਨ। ਨੋਟਬੰਦੀ ਤੋਂ ਬਾਅਦ ਸਿਰਫ 2018 ਨੂੰ ਛੱਡ ਕੇ 2016 ਤੋਂ ਜਾਅਲੀ ਨੋਟਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋਇਆ ਹੈ। ਸਾਲ 2019 ਤੇ 2020 ਵਿੱਚਕਾਰ ਦੋ ਹਜ਼ਾਰ ਰੁਪਏ ਦੇ ਜਾਅਲੀ ਨੋਟਾਂ ਦੀ ਗਿਣਤੀ ਵਿੱਚ 170 ਫੀਸਦੀ ਵਾਧਾ ਹੋਇਆ ਅਤੇ ਬੈਂਕਿੰਗ ਪ੍ਰਣਾਲੀ ਵਿੱਚ ਜਾਅਲੀ ਨੋਟ ਫੜੇ ਜਾਣ ਦੀ ਗਿਣਤੀ ਘਟੀ ਹੈ।ਮੰਤਰੀ ਨੇ ਦੱਸਿਆ, ''ਬੈਂਕਿੰਗ ਪ੍ਰਣਾਲੀ ਵਿੱਚ 2018-19 ਤੋਂ 2020-21 ਵਿਚਾਲੇ ਅਜਿਹੇ ਨੋਟਾਂ ਦਾ ਪਤਾ ਲੱਗਣ ਦੀ ਗਿਣਤੀ ਘਟੀ ਹੈ। ਸਾਲ 2021-22 ਵਿੱਚ ਅਜਿਹੇ ਨੋਟਾਂ ਦੀ ਗਿਣਤੀ 13,064 ਸੀ, ਜਿਹੜੇ ਚੱਲਦੇ 2000 ਦੇ ਨੋਟਾਂ ਦਾ 0.000635 ਫੀਸਦੀ ਸਨ।''ਚੌਧਰੀ ਨੇ ਦੱਸਿਆ ਕਿ ਜਾਅਲੀ ਭਾਰਤੀ ਕਰੰਸੀ ਨੋਟ (ਐਫ ਆਈ ਸੀ ਐਨ) ਰੋਕਣ ਲਈ ਸਰਕਾਰ ਨੇ ਗੈਰ ਕਾਨੂੰਨੀ ਸਰਗਰਮੀਆਂ (ਰੋਕੂ) ਕਾਨੂੰਨ 1967, ਕੌਮੀ ਜਾਂਚ ਏਜੰਸੀ (ਐਨ ਆਈ ਏ) ਅਤੇ ਐਫ ਆਈ ਸੀ ਐਨ ਕੋਆਰਡੀਨੇਸ਼ਨ ਗਰੁੱਪ (ਐਫ ਸੀ ਓ ਆਰ ਡੀ) ਬਣਾਇਆ ਤਾਂ ਕਿ ਸੂਬਾਈ ਅਤੇ ਕੇਂਦਰੀ ਸੁਰੱਖਿਆ ਏਜੰਸੀਆਂ ਨਾਲ ਜਾਣਕਾਰੀ ਸਾਂਝੀ ਕੀਤੀ ਜਾ ਸਕੇ। ਜਾਅਲੀ ਕਰੰਸੀ ਦੇ ਕੇਸਾਂ ਦੀ ਜਾਂਚ ਲਈ ਐਨ ਆਈ ਏ ਵਿੱਚ ਅੱਤਵਾਦ ਫੰਡਿੰਗ ਤੇ ਜਾਅਲੀ ਕਰੰਸੀ (ਟੀ ਐਫ ਐਫ ਸੀ) ਸੈਲ ਵੀ ਬਣਾਇਆ ਹੈ। ਉਨ੍ਹਾਂ ਦੱਸਿਆ ਕਿ ਜਾਅਲੀ ਭਾਰਤੀ ਕਰੰਸੀ ਤਸਕਰੀ ਦੀ ਜਾਣਕਾਰੀ ਅਤੇ ਮੁਲਾਂਕਣ ਲਈ ਸਾਂਝੀ ਟਾਸਕ ਫੋਰਸ ਵੀ ਕੰਮ ਕਰ ਰਹੀ ਹੈ।

# ਪਹਿਲਾਂ ਕਿਸ ਦੀ ਅਰਜ਼ੀ ਸੁਣਨੀ ਹੈ, ਇਸ ਕਾਰਨ ਸੁਪਰੀਮ ਕੋਰਟ ਦੀ ਸੁਣਵਾਈ ਟਲੀ



ਨਵੀਂ ਦਿੱਲੀ, 2 ਅਗਸਤ (ਪੋਸਟ ਬਿਊਰੋ)- ਕੋਰਟ ਵਿੱਚ ਕੇਸਾਂ ਦਾ ਢੇਰ ਹੈ। ਤੁਰੰਤ ਨਿਪਟਾਰੇ ਲਈ ਵੱਖ-ਵੱਖ ਫੋਰਮਾਂ ਤੋਂ ਸੁਝਾਅ ਮਿਲ ਰਹੇ ਹਨ। ਕਾਰਜ ਯੋਜਨਾਵਾਂ ਵੀ ਬਣਾਈਆਂ ਜਾਂਦੀਆਂ ਹਨ, ਪਰਕੇਸ ਸੁਣਵਾਈ ਸੂਚੀ ਵਿੱਚ ਕਿਸ ਦੀ ਅਰਜ਼ੀ ਪਹਿਲਾਂ ਦਰਜ ਹੋਵੇ ਅਤੇ ਕਿਸ ਉੱਤੇ ਪਹਿਲਾਂ ਸੁਣਵਾਈ ਕੀਤੀ ਜਾਏ, ਇਸ ਬਾਰੇ ਰੇੜਕਾ ਹੈ।

ਕੱਲ੍ਹ ਸੋਮਵਾਰ ਨੂੰ ਸੁਪਰੀਮ ਕੋਰਟ ਵਿੱਚ ਕੁਝ ਅਜਿਹਾ ਹੀ ਹੋਇਆ। ਇਨਫੋਰਸਮੈਂਟ ਡਾਇਰੈਕੋਰੇਟ(ਈ ਡੀ) ਦੇ ਡਾਇਰੈਕਟਰ ਦਾ ਕਾਰਜਕਾਲ ਪੰਜ ਸਾਲ ਤਕ ਵਧਾਉਣ ਨੂੰ ਚੁਣੌਤੀ ਦੇਣ ਬਾਰੇ ਸੁਣਵਾਈ ਸਿਰਫ ਇਸ ਵਿਵਾਦ ਕਾਰਨ ਟਲ ਗਈ ਕਿ ਸੁਣਵਾਈ ਸੂਚੀ ਵਿੱਚ ਪਹਿਲਾਂ ਕਿਸ ਦੀ ਅਰਜ਼ੀ ਸ਼ਾਮਲ ਹੋਵੇ ਅਤੇ ਕਿਸ ਅਰਜ਼ੀ ਉੱਤੇ ਪਹਿਲਾਂ ਸੁਣਵਾਈ ਹੋਣੀ ਚਾਹੀਦੀ ਹੈ। ਸੁਪਰੀਮ ਕੋਰਟ ਨੇ ਇੱਕ ਪਟੀਸ਼ਨਰ ਦੇ ਵਕੀਲ ਵੱਲੋਂ ਉਠਾਏ ਗਏ ਸਵਾਲ ਉੱਤੇਕੇਸ ਦੀ ਸੁਣਵਾਈ ਟਾਲਦੇ ਹੋਏ ਰਜਿਸਟਰੀ ਨੂੰ ਨਿਰਦੇਸ਼ ਦਿੱਤਾ ਕਿ ਉਹ ਅਰਜ਼ੀਆਂ ਦਾ ਸਿਲਟ ਦੀ ਜਾਂਚ ਕਰ ਕੇ ਕੇਸ ਪੇਸ਼ ਕਰਨ। ਇਹ ਨਿਰਦੇਸ਼ ਚੀਫ ਜਸਟਿਸ ਐਨ ਵੀ ਰਾਮੰਨਾ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਬੈਂਚ ਨੇ ਈ ਡੀ ਡਾਇਰੈਕਟਰ ਦਾ ਕਾਰਜਕਾਲ ਵਧਾਉਣ ਨੂੰ ਚੁਣੌਤੀ ਦੇਂਦੀਆਂ ਪਟੀਸ਼ਨਾਂ ਉੱਤੇ ਸੁਣਵਾਈ ਦੌਰਾਨ ਦਿੱਤੇ। ਸੁਪਰੀਮ ਕੋਰਟ ਵਿੱਚ ਕੁੱਲ ਸੱਤ ਅਰਜ਼ੀਆਂ ਪੈਂਡਿੰਗ ਹਨ, ਜਿਨ੍ਹਾਂ ਵਿੱਚ ਈ ਡੀ ਡਾਇਰੈਕਟਰ ਦਾ ਕਾਰਜਕਾਲ ਵਧਾਉਣ ਦੇ ਸੋਧੇ ਹੋਏ ਕਾਨੂੰਨ ਨੂੰ ਚੁਣੌਤੀ ਦਿੱਤੀ ਗਈ ਹੈ। ਅਰਜ਼ੀਆਂ ਦਣ ਵਾਲਿਆਂ ਵਿੱਚ ਕਾਂਗਰਸ ਨੇਤਾ ਡਾਕਟਰ ਜਯਾ ਠਾਕੁਰ, ਸਾਕੇਤ ਗੋਖਲੇ, ਕਾਂਗਰਸ ਨੇਤਾ ਰਣਦੀਪ ਸੁਰਜੇਵਾਲਾ, ਕਿਸ਼ਨ ਚੰਦਰ ਸਿੰਘ, ਮਹੁਆ ਮੋਇਤਰਾ, ਵਨੀਤ ਨਾਰਾਇਣ ਅਤੇ ਮਨੋਹਰ ਲਾਲ ਸ਼ਰਮਾ ਹਨ।

# ਐਮ ਪੀ ਨੇ ਲੋਕ ਸਭਾ ਵਿੱਚ ਕੱਚਾ ਬੈਂਗਣ ਖਾ ਕੇ ਰੋਸ ਜ਼ਾਹਰ ਕੀਤਾ



ਨਵੀਂ ਦਿੱਲੀ, 2 ਅਗਸਤ (ਪੋਸਟ ਬਿਊਰੋ)- ਤ੍ਰਿਣਮੂਲ ਕਾਂਗਰਸ ਦੀ ਪਾਰਲੀਮੈਂਟ ਮੈਂਬਰ ਕਾਕੋਲੀ ਘੋਸ਼ ਦਸਤੀਦਾਰ ਨੇ ਕੱਲ੍ਹ ਲੋਕ ਸਭਾ ਵਿੱਚ ਆਪਣੇ ਦੰਦਾਂ ਨਾਲ ਕੱਚੇ ਬੈਂਗਣ ਨੂੰ ਦੋਫਾੜ ਕਰ ਕੇ ਦੋਸ਼ ਲਾਇਆ ਕਿ ਸਰਕਾਰ ਲੋਕਾਂ ਨੂੰ ਇਹ ਆਦਤ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਉਹ ਚੀਜ਼ਾਂ ਨੂੰ ਪਕਾ ਕੇ ਨਹੀਂ, ਸਗੋਂ ਕੱਚਾ ਖਾਣ।

ਪਾਰਲੀਮੈਂਟ ਵਿੱਚ ਨਿਯਮ 193 ਤਹਿਤ ਮਹਿੰਗਾਈ ਉੱਤੇ ਚਰਚਾ ਵਿੱਚ ਹਿੱਸਾ ਲੈਣ ਦੌਰਾਨ ਕਾਕੋਲੀ ਬੈਂਗਣ ਲੈ ਕੇ ਪਹੁੰਚੀ। ਉਨ੍ਹਾਂ ਕਿਹਾ,''ਫਿਊਲ ਦੀਆਂ ਕੀਮਤਾਂ ਨੂੰ ਅੱਗ ਲੱਗੀ ਹੋਈ ਹੈ। ਕਈ ਵਾਰ ਲੱਗਦਾ ਹੈ ਕਿ ਇਹ ਸਰਕਾਰ ਸਾਨੂੰ ਕੱਚਾ ਖਾਣ ਦੀ ਆਦਤ ਪਾਉਣਾ ਚਾਹੁੰਦੀ ਹੈ।''ਇਸ ਪਿੱਛੋਂ ਤ੍ਰਿਣਮੂਲ ਕਾਂਗਰਸ ਦੀ ਪਾਰਲੀਮੈਂਟ ਮੈਂਬਰ ਨੇ ਆਪਣੇ ਦੰਦਾਂ ਨਾਲ ਬੈਂਗਣ ਨੂੰ ਕੱਟਦੇ ਹੋਏ ਕਿਹਾ,''ਮੈਂ ਕਹਿੰਦੀ ਹਾਂ, ਇਹ ਸਬਜ਼ੀ ਮੈਂ ਕੱਚੀ ਖਾਂ ਜਾਂਦੀ ਹਾਂ, ਕਿਉਂਕਿ ਫਿਊਲ ਨਹੀਂ ਮਿਲ ਰਿਹਾ। ਕੁਝ ਮਹੀਨਿਆਂ ਵਿੱਚ ਐਲ ਪੀ ਜੀ ਸਿਲੰਡਰ ਦੀ ਕੀਮਤ ਚਾਰ ਗੁਣਾ ਵਧ ਗਈ ਹੈ।'' ਉਨ੍ਹਾਂ ਕਿਹਾ,''ਸਰਕਾਰ ਲੋਕਾਂ ਨੂੰ ਕੱਚਾ ਖਾਣ ਦੀ ਆਦਤ ਪਾਉਣੀ ਬੰਦ ਕਰੇ। ਐਲ ਪੀ ਜੀ ਦੀ ਕੀਮਤ ਘੱਟ ਕਰੇ।''

# ਸੀ ਬੀ ਆਈ ਦੇ ਛਾਪੇ ਵਿੱਚ ਲੱਖਾਂ ਰੁਪਏ ਮਿਲੇ

* ਕੋਲਕਾਤਾ ਦੀ ਕੰਪਨੀ ਤੋਂ ਰਿਸ਼ਵਤ ਲੈਣ ਵਾਲੇ ਪੰਜ ਅਫਸਰ ਗ੍ਰਿਫਤਾਰ



ਪਟਨਾ, 2 ਅਗਸਤ (ਪੋਸਟ ਬਿਊਰੋ)- ਸਾਬਕਾ ਮੱਧ ਭਾਰਤ ਰੇਲਵੇ ਦੇ ਅਫਸਰ ਕੋਲਕਾਤਾ ਦੀ ਇੱਕ ਕੰਪਨੀ ਨੂੰ ਗਲਤ ਤਰੀਕੇ ਨਾਲ ਰੇਲਵੇ ਰੈਕ ਅਲਾਟ ਕਰਨ ਲਈ ਹਰ ਮਹੀਨੇ ਲੱਖਾਂ ਵਿੱਚ ਰਿਸ਼ਵਤ ਲੈ ਰਹੇ ਸਨ।

ਸੀ ਬੀ ਆਈ ਨੇ ਰਿਸ਼ਵਤ ਦੀ ਇਸ ਖੇਡ ਵਿੱਚ ਪੂਰਬ ਮੱਧ ਰੇਲਵੇ ਦੇ ਤਿੰਨ ਵੱਡੇ ਅਫਸਰਾਂ ਖਿਲਾਫ ਕਾਰਵਾਈ ਕਰਦੇ ਹੋਏ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਦਿਲਚਸਪ ਇਹ ਹੈ ਕਿ ਕੋਲਕਾਤਾ ਦੀ ਕੰਪਨੀ ਨੇ ਮੰਥਲੀ ਰਿਸ਼ਵਤ ਤੈਅ ਕਰ ਰੱਖੀ ਸੀ ਅਤੇ ਇਸ ਦੇ ਬਦਲੇ ਉਹ ਇਨ੍ਹਾਂ ਅਫਸਰਾਂ ਤੋਂ ਲਾਭ ਉਠਾ ਰਹੀ ਸੀ। ਸੀ ਬੀ ਆਈ ਨੇ ਜਿਨ੍ਹਾਂ ਅਫਸਰਾਂ ਨੂੰ ਗ੍ਰਿਫਤਾਰ ਕੀਤਾ ਹੈ, ਉਨ੍ਹਾਂ ਵਿੱਚ ਪੂਰਬ ਮੱਧ ਰੇਲਵੇ ਦੇ ਹਾਜੀਪੁਰ ਹੈਡਕੁਆਰਟਰ ਵਿੱਚ ਤੈਨਾਤ ਚੀਫ ਫ੍ਰੈਟ ਟਰਾਂਸਪੋਰਟ ਮੈਨੇਜਰ ਸੰਜੇ ਕੁਮਾਰ, ਸਮਸਤੀਪੁਰ ਦੇ ਸੀਨੀਅਰ ਡੀ ਓ ਐਮ ਰੂਪੇਸ਼ ਕੁਮਾਰ ਅਤੇ ਸੋਨਪੁਰ ਮੰਡਲ ਦੇ ਸੀਨੀਅਰ ਡੀ ਓ ਐਮ ਸਚਿਨ ਮਿਸ਼ਰਾ ਸ਼ਾਮਲ ਹਨ। ਇਨ੍ਹਾਂ ਨਾਲ ਰਿਸ਼ਵਤ ਦੇਣ ਵਾਲੀ ਕੋਲਕਾਤਾ ਦੀ ਕੰਪਨੀ ਮੈਸਰਜ਼ ਐਗਰੋ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ਼ ਆਭਾ ਐਗਰੋ ਐਕਸਪੋਰਟ ਪ੍ਰਾਈਵੇਟ ਲਿਮਟਿਡ ਦੇ ਡਾਇਰੈਕਟਰ ਨਵਲ ਲੱਧਾ ਅਤੇ ਇੱਕ ਹੋਰ ਵਿਅਕਤੀ ਮਨੋਜ ਕੁਮਾਰ ਸਾਹਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਏਜੰਸੀ ਨੇ ਪੂਰਬ ਮੱਧ ਰੇਲ ਦੇ ਜਿਨ੍ਹਾਂ ਵੱਡੇ ਅਫਸਰਾਂ ਖਿਲਾਫ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਕਾਰਵਾਈ ਕੀਤੀ ਹੈ, ਉਹ ਰਿਸ਼ਵਤ ਵਿੱਚ ਮੋਟੀ ਰਕਮ ਲੈ ਰਹੇ ਸਨ। ਕੋਲਕਾਤਾ ਦੀ ਕੰਪਨੀ ਦੇ ਡਾਇਰੈਕਟਰ ਨਵਲ ਲਧਾ ਤੋਂ ਸਮਸਤੀਪੁਰ ਦੇ ਸੀਨੀਅਰ ਡੀ ਓ ਐਮ ਰੂਪੇਸ਼ ਕਮਾਰ ਨੇ 24 ਮਈ 2022 ਨੂੰ ਚਾਰ ਲੱਖ ਰੁਪਏ ਅਤੇ 27 ਜੂਨ ਨੂੰ ਛੇ ਲੱਖ ਰੁਪਏ ਲਏ ਸਨ। ਨਵਲ ਲਧਾ ਨੇ ਇਹ ਰਕਮ ਡਰਾਈਵਰ ਮਨੋਜ ਸਾਹਾ ਦੇ ਰਾਹੀਂ ਭੇਜੀ ਸੀ। ਸੋਨਪੁਰ ਮੰਡਲ ਦੇ ਸੀਨੀਅਰ ਡੀ ਓ ਐਮ ਸਚਿਨ ਮਿਸ਼ਰਾ ਨੇ ਵੀ 24 ਮਈ ਨੂੰ ਛੇ ਲੱਖ ਰੁਪਏ ਅਤੇ 11 ਜੂਨ ਨੂੰ 3.5 ਲੱਖ ਰੁਪਏ ਲਏ ਸਨ। ਏਸੇ ਤਰ੍ਹਾਂ ਹੋਰ ਅਫਸਰ ਰਿਸ਼ਵਤ ਲੈਂਦੇ ਸਨ।









## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769






## ਲੜਕੀ ਦੀ ਲੋੜ

"ਨਾਈ ਸਿੱਖ ਲੜਕਾ ਉਮਰ 23 ਸਾਲ, ਕੱਦ 5'10", ਵਰਕ ਪਰਮਿਟ 'ਤੇ, ਲੜਕੇ ਲਈ ਪੀ.ਆਰ./ ਸਿਟੀਜਨ ਲੜਕੀ ਦੀ ਲੋੜ ਹੈ।ਲੜਕੇ ਦੀ ਭੈਣ ਕੈਨੇਡਾ ਵਿੱਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: +1(647) 274-3207, ਵਟਸ ਅਪ: +91 97794 39200

ਸਿੱਖ ਰਾਜਪੂਤ (ਜੰਜੂਆ), ਜਨਮ ਦਸੰਬਰ, 1991, ਕੱਦ 5'11", ਕੈਨੇਡੀਅਨ ਸਿਟੀਜਨ, ਵੈੱਲ ਸੈਟਲਡ ਲੜਕੇ ਲਈ ਕੈਨੇਡੀਅਨ ਪੀਆਰ/ਸਿਟੀਜਨ, ਉਮਰ 25-27 ਸਾਲ, ਖਾਨਦਾਨੀ ਘਰਾਣੇ ਨਾਲ ਸੰਬੰਧਤ ਸੁੰਦਰ ਅਤੇ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 647-239-4866 ਅਤੇ 647-773-5902

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂMBA ਅਤੇ ਕੈਨੇਡਾ ਤੋਂMarketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com





## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)











## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**




Urgently Need New Listings in Brampton/Caledon

visit: www.teamjagaujla.com



Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com

CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com

URGENTLY NEED NEW LISTINGS IN THIS AREA

RECENTLY LISTED/SOLD IN YOUR NEIGHBOURHOOD BY JAG AUJLA

JUST LISTED FOR SALE IN BRANTFORD
SHELLARD LN / CONKLIN RD



- 2000 sq feet ਦਾ Semi-Detached ਘਰ
- 4 ਬੈਡਰੂਮ+4 ਵਾਸ਼ਰੂਮ+3 ਕਾਰ ਪਾਰਕਿੰਗ
- ਸਟੇਨਲੇਸ ਸਟੀਲ ਉਪਕਰਨ
- ਫਨਿਸ਼ਿਡ ਬੇਸਮੈਂਟ
- ਰਸੋਈ ਵਿੱਚ ਪੋਰਸਲਿਨ ਫਲੋਰ ਟਾਈਲਸ
- ਕੁਆਰਟਜ਼ ਕਾਉਂਟਰ ਟੌਪ
- ਮਾਸਟਰ ਬੈਡਰੂਮ ਵਿੱਚ 4 ਪੀਸੀਐਸ ਐਨ ਸੁਟ ਅਤੇ ਵਾਕ ਇਨ ਅਲਮਾਰੀ

JUST LISTED FOR SALE IN BRAMPTON
WILLIAMS PKWY / CHINGUACOUSY RD



- 2500 - 3000 sq feet
- Detach ਘਰ, ਡਬਲ ਡੋਰ ਐਂਟਰੀ
- 4 ਬੈਡਰੂਮ + ਕੰਪਿਊਟਰ ਲੋਫਟ + 3 ਵਾਸ਼ਰੂਮ + 2 ਕਾਰ ਗੈਰੇਜ
- ਮਾਸਟਰ ਬੈਡਰੂਮ ਵਿੱਚ 5 ਪੀਸੀਐਸ ਐਨ ਸੁਟ ਅਤੇ ਵਾਕ ਇਨ ਅਲਮਾਰੀ
- ਸਟੇਨਲੇਸ ਸਟੀਲ ਉਪਕਰਨ
- ਹਾਈਵੇ 403 ਦੇ ਨੇੜੇ




FREE

- Full MLS Services
- Consistently Marketing Your Property Until SOLD
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold
- Competitive Rates, Exceptional Service & Award Winning Results

RE/MAX Realty Specialists Inc. Brokerage
Off: 905-456-3232

Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
JUNE 2022



REXDALE BODY SHOP
USED CAR SALE



CHEEMA

Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779

RENTAL CAR PROVIDED



ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

25 years of Canadian Experience
OPEN MON - SAT 9AM TO 7PM

LOWEST PRICE IN TOWN
Towing Service Car Paint Starts $799*upto 100% Deductible Paid*

Call Rick or Manminder Cheema: 416.749.9596 / 416.951.6431

30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



Tri-City Professional Realty Inc., Brokerage.
The Future of Real Estate
www.TriCityPro.com

Number 1. Tri-City agent in Canada on basis of sales volume 2021

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

NEED MORE LISTINGS

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative



Tel: 905.793.5777
416.802.5866

31 Melanie Dr. Unit #4 Brampton, ON L6T 5H8




CASTLEMORE/GOREWAY

8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

26 Yellow RomeRd






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017